੧ਓ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ॥"




## ਕਬਿੱਤ - ਭਾਈ ਗੁਰਦਾਸ ਜੀ

ਪੂਛਤ ਪਥਿਕ, ਤਿਹ ਮਾਰਗਿ ਨ ਧਾਰੇ ਪਗਿ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ, ਸੁਖ ਸਹਿਜ ਸਮਾਈਐ ॥
ਪੂਛਤਿ ਸੁਹਾਗਨਿ ਪੈ, ਕਰਮ ਦੁਹਾਗਨਿ ਕੈ,
ਰਿਦੈ ਬਿਭਚਾਰ, ਕਤ ਸਿਹਜਾ ਬੁਲਾਈਐ ॥
ਗਾਏ ਸੁਨੇ ਆਂਖੇ ਮੀਚੇ, ਪਾਈਐ ਨ ਪਰਮਪਦੁ,
ਗੁਰ ਉਪਦੇਸ ਗਹਿ, ਜੌ ਲੌ ਨ ਕਮਾਈਐ ॥

ਅਕਤੂਬਰ ੧੯੭੨

www.AKJ.Org

# ਲੇਖ ਸੂਚੀ


| ਲੇਖ | ਲੇਖਕ | |
|---|---|---|
| 1. ਸ਼ਬਦ | | 1 |
| 2. ਸਿਖ ਕੌਣ ਹੈ ? | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 2 |
| 3. ਧਰਮ ਤੇ ਸਦਾਚਾਰ | ਪ੍ਰਕਾਸ਼ ਸਿੰਘ, ਐਮ. ਏ. | 15 |
| 4. ਬਖਸ਼ਿਸ਼ | ਪ੍ਰਿੰ: ਮਿਹਰ ਸਿੰਘ | 27 |
| 5. ਗੁਰੂ-ਮਾਰੀ ਸਰਹਿੰਦ | ਭਾ. ਸੇਵਾ ਸਿੰਘ ਤਰਨ ਤਾਰਨ | 32 |
| 6. ਸ੍ਰੀ ਹੇਮ ਕੁੰਟ ਮਿਸ਼ਨ | ਭਾ. ਹਰਚਰਨ ਸਿੰਘ | [illegible] |



ਚੋਹਾਨ ਪ੍ਰਿੰਟਿੰਗ ... E,B, 124 ਕਿਲਾ ਬਜ਼ਾਰ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ
ਨੇ ਸਰਬ ਹਿ... ਅਖੰਡ ਕੀਰਤਨੀ ਜਥੇ ਲਈ 305 L ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ੴ

ਐਡੀਟਰ

ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ

ਦੇਸ਼ 6 ਰੁਪਏ

ਪ੍ਰਦੇਸ ਸਮੁੰਦਰ 15 ਰੁਪਏ

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗਰਮਤਿ ਮਾਸਕ ਪੱਤਰ

ਜਿਲਦ ੬) ੧ ਸਤੰਬਰ, ੧੯੭੨ (ਅੰਕ ੮

### ਪਉੜੀ ਵਡਹੰਸ ਕੀ ਵਾਰ ਮ: ੪

ਤਿਸੁ ਗੁਰ ਕਉ ਹਉ ਵਾਰਿਆ ਜਿਨ ਹਰਿ ਕੀ ਹਰਿ ਕਥਾ ਸੁਣਾਈ ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥
ਤਿਸ ਗੁਰੁ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰੁ ਵਿਟਹੁ ਵਾਰਿਆ ਜਿਨਿ ਹਰਿ ਨਾਮ ਦੀਆ
ਮੇਰੇ ਮਨ ਕੀ ਆਸ ਪੁਰਾਈ ॥ ੫ ॥

www.AKJ.Org

ੴ ਸਤਿਗੁਰ ਪ੍ਰਸਾਦਿ ॥

# ਸੱਚੀਆਂ ਦਾੜ੍ਹੀਆਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

੧.

## ਦਾੜ੍ਹੀਆਂ ਦੀ ਮਹੱਤਤਾ

ਸਲੋਕ ਮਹਲਾ ੩ ॥

ਸੇ ਦਾੜੀਆਂ ਸਚੀਆਂ ਜਿ ਗੁਰ ਚਰਨੀ ਲਗੰਨ੍ਹਿ ॥
ਅਨਦਿਨ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥
ਨਾਨਕ ਸੇ ਮੂਹ ਸੋਹਣੇ ਸਚੈ ਦਰਿ ਦਿਸੰਨ੍ਹਿ ॥ ੪੨ ॥
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਂਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਾਹ ਬੈਸਣਾ ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥ ੫੩ ॥

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪਸ਼ਟ ਭਾਵ ਇਹ ਹੈ ਕਿ ਸੇਈ ਬੀਬੀਆਂ ਗੁਰਮੁਖ ਸਚੀਆਂ ਦਾੜੀਆਂ ਸਚੀਆਂ ਅਤੇ ਸੁਚੀਆਂ ਦਾੜ੍ਹੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ। ਸੇਈ ਸਿਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ ਸਚੇ ਗੁਰਮੁਖ ਜਨ ਹਨ ਜੋ ਗੁਰ ਚਰਨੀ ਲਗਣ ਸਮੇਂ ਤਿਨ੍ਹਾਂ ਦੀਆਂ ਗੁਰਮੁਖੀ ਸਿਧੀਆਂ ਦਾੜੀਆਂ ਹੀ ਸੁਤੇ ਸੁਭਾ ਗੁਰਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆ ਮੁੜਚੁੰਨੀਆਂ ਦਾੜ੍ਹੀਆਂ ਨੇ ਗੁਰ ਚਰਨੀ ਕੀ ਲਗਣਾ ਸੀ ? ਮੁੰਨੀਆਂ ਮੁੜਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ ਤਾਂ ਤਿਨਾਂ ਦੀਆਂ ਮੁਨੀਆਂ ਮੁੜਚੁੰਨੀਆਂ ਦਾੜ੍ਹੀਆਂ ਗੁਰ ਚਰਨੀ ਲਗਣੋਂ



www.AKJ.Org

ਐਵੇਂ ਰਹਿ ਜਾਂਦੀਆਂ ਹਨ । ਅਜ ਕਲ ਇਹ ਫੈਸ਼ਨ ਹੋ ਗਿਆ ਹੈ ਕੀ ਜਿਤਨੇ ਭੀ ਸਿਖ ਦੇਖੀਦੇ ਹਨ ਸਭ ਦੀਆਂ ਇਕਦੂ ਵਾਂਙਿਓਂ ਦਾੜ੍ਹੀਆਂ ਮਰੋੜ ਤੋੜਕੇ ਚਾੜ੍ਹੀਆਂ ਹੁੰਦੀਆਂ ਹਨ । ਕਈ ਤਾਂ ਦਾੜ੍ਹੀਆਂ ਚਪਕਾ ਕੇ ਐਸੀਆਂ ਚਾੜ੍ਹਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ । ਅਗੇ ਤਾਂ ਕੇਵਲ ਫੌਜੀ ਸਿਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਹੁਣ ਤਾਂ ਹਰ ਇਕ ਮਹਿਕਮੇ ਦੇ ਸਿਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ । ਗੁਰਦੁਆਰੇ ਵਿਚ ਭੀ ਆਉਂਦੇ ਹਨ । ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਚੜ੍ਹੀਆਂ ਦਾੜ੍ਹੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ ਹਿੰਦੂਆਂ ਦੀ ਦੇਖਾ ਦੇਖੀ ਰੀਸੇ ਕੁਰੀਸ ਪੈ ਰਹੇ ਹਨ ।

ਦਿਲੋਂ ਤਾਂ ਇਹੋ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ ? ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹੌਂਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫਸਰਾਂ ਨੂੰ ਖੁਸ਼ ਰਖਦੇ ਰਹਿਣ ਪਰ ਉਹ ਖੁਸ਼ ਫੇਰ ਭੀ ਨਹੀਂ ਹੁੰਦੇ । ਉਹ ਆਨਮਤੀ ਲੋਗ ਤਾਂ ਏਸ ਗਲ ਵਿਚ ਖੁਸ਼ ਹਨ ਕਿ ਸਿਖ ਭੀ ਸਾਰੇ ਉਹਨਾਂ ਵਾਂਗ ਮੋਨੇ ਹੋ ਜਾਣ । ਸਵਾਰਥੀ ਸਿਖ ਚਾਹੇ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ ਪਰ ਦਾੜ੍ਹੀ ਮੁੜਚੁੰਨ ਕੇ ਮਰੋੜ ਤੋੜ ਕੇ ਚੜ੍ਹਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ ਪਸਿੰਦ ਖੁਸ਼ਨੂਦੀ ਲੈਂਦੇ ਹਨ । ਇਹ ਸਵਾਰਥ ਪਸਿੰਦੀ ਸਿਖਾਂ ਦੀ ਕਿਸੇ ਕੰਮ ਭੀ ਨਹੀਂ ਆਉਣੀ ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ । ਸਵਾਰਥ ਪਸਿੰਦ ਵਿਗੜੇ ਹੋਏ ਸਿਖ ਅਗੋਂ ਇਹ ਹੁੱਜਤ ਭੇੜਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ ਪਰਮਾਰਥ ਦਾ ਸਨਬੰਧ ਤਾਂ ਮਨ ਦੇ ਨਾਲ ਹੈ । ਇਹੋ ਦਾੜ੍ਹੀ ਮੁੰਨੇ ਭੇੜਿਆ ਕਰਦੇ ਹਨ ਤਾਂ ਅਸੀਂ ਉਹਨਾਂ ਦਾੜ੍ਹੀ ਮੁੰਨਿਆਂ ਨੂੰ ਤਾਂ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ :-

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਇ ॥
ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ ॥

ਤਿਸ ਪਰ ਮੂੰਹ ਸਿਰ ਮੁਨਣ ਹਾਰਿਆਂ ਨੂੰ ਹੋਰ ਤਾਂ ਉਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ ਲੈਂਦੇ ਹਨ-

ਭਾਵੈ ਲਾਂਬੇ ਕੇਸ ਕਰ ਭਾਵੈ ਘਰਰ ਮੁੰਡਾਇ ॥

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ ਹੀ ਨਹੀਂ । ਤਤ ਭਾਵ ਇਹ ਹੈ ਲਾਂਬੇ ਕੇਸ ਕਰਨ ਦਾ ਜੋ ਜਟਾਧਾਰੀ ਅਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟ) ਤੌਰ ਪਰ ਜਟਾਂ ਵਧਾਉਂਦੇ ਹਨ ਉਨਾਂ ਜਟਾਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਨ ਕੀਤਾ ਗਿਆ ਹੈ ਅਤੇ ਇਹ ਗਲ ਸਪਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮਨਾਉਣ ਵਾਲੀਆਂ ਦੋਵਾਂ ਵਾਦੀਆਂ ਨੂੰ ਛਡ ਦਿਓ ।



www.AKJ.Org

ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ। ਉਂਵੇ ਅਤੇ ਓਥੇ ਹੀ ਉਨਾਂ ਨੂੰ ਰਹਿਣ ਦਿਓ। ਅਰਾਸਤਨ ਪੈਰਾਸਤਾਨ ਦੋਈ ਵਾਦੀਆਂ ਗੁਰਮਤਿ ਅੰਦਰ ਮਮਨੂਹ ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਮਨੁਸ਼ਾਂ ਦੇ ਮੂੰਹ ਨੂੰ ਤਾਂ ਜਿੰਦੇ ਲਗ ਜਾਂਦੇ ਹਨ ਤੇ ਓਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜ੍ਹਨ ਵਾਲੇ ਭਰਾ ਖਾਸ ਕਰ ਠੋਡੀ ਦੀ ਗਲੂੰਡੀ ਕਰਕੇ ਰਖਣ ਹਾਰੇ ਮਨ ਹੁਜਤੀ ਸਿਖ ਭਾਈ ਕੇਵਲ ਏਹੋ ਹੁਜਤ ਅਗੋਂ ਡਾਹਿਆ ਕਰਦੇ ਹਨ ਕਿ ਦੇਖੋ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦੇ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕੇਹੜਾ ਲੋਹੜਾ ਆ ਗਿਆ। ਇਸ ਦਾ ਉਤਰ ਏਤਨਾ ਕਾਫੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜਾਈ ਰਹਿਤ ਬਹਿਤ ਨੂੰ ਪਹਿਲੋਂ ਮੁਖ ਰਖਣਾ ਹੈ ਤੇ ਓਹਨਾਂ ਦੇ ਉਚਾਰੇ ਸ੍ਰੀ ਮੁਖਵਾਕ ਭੀ ਪਾਲਣੇ ਹਨ। ਜੈਸਾ ਕਿ ਮਹਾਂਵਾਕ ਹੈ :-

'ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ'

ਸੀਸ ਉਤੇ ਚੁਣ ਕੇ ਦਸਤਾਰ ਤਦੇ ਸਜਾਈ ਜਾ ਸਕਦੀ ਹੈ ਕਿ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵ ਪਰੰਤੂ ਦਾੜ੍ਹੀ ਚਪਕੋਣ ਮਰੋੜਨ ਮਚਕੋੜਨ ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹਕੇ ਜਾਂ ਜਾਲੀ ਬੰਨ੍ਹ ਕੇ ਦੀਵਾਨ ਵਿਚ ਔਣਾ ਹਰ ਭੌ ਭੇੜੀ ਮਨਮਤਿ ਹੈ। ਫੌਜ ਵਿਚ ਭੀ ਪੱਕੀ ਰਹਿਤ ਰਹਿਣੀ ਰਹਿਣ ਵਾਲ ਕਈ ਇਕ ਸ਼ਰਧਾਲੂ ਸਿਖ ਵਖਣ ਵਿਚ ਆਏ ਹਨ ਕਿ ਉਹ ਸਾਰੀ ਸਾਰੀ ਉਮਰ ਫੌਜ਼ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ। ਫੌਜੀ ਸਿੰਘਾਂ ਲਈ ਇਹ ਕਾਨੂੰਨ ਮੰਨ ਲੈਣਾ ਭੀ ਮਹਾਂ ਮਨਮਤ ਹੈ ਕਿ ਫ਼ੌਜੀ ਸਿੰਘਾਂ ਲਈ ਦਾੜ੍ਹੀ ਚਾੜ੍ਹਨੀ ਜ਼ਰੂਰੀ ਹੈ। ਐਸਾ ਮੰਨ ਲੈਣਾ ਮਹਾਂ ਕਮਜ਼ੋਰੀ ਹੈ। ਕਮਜ਼ੋਰੀ ਐਸੀ ਵਾਪਰ ਗਈ ਹੈ ਕਿ ਫੌਜੀ ਸਿੰਘਾਂ ਦੀ ਵਖੋ ਵਖੀ ਦੂਜੇ ਮਹਿਕਮਿਆਂ ਦੇ ਸਿਖ ਭੀ ਬੇਦਰਗ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਸ਼ੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜੇਹੇ ਸਮੂਹ ਮੁਲਾਜ਼ਮ ਸਿਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆ ਨਰੜ ਕੇ ਆਉਂਦੇ ਹਨ। ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫਖਰ ਸਮਝਿਆ ਜਾਂਦਾ ਹੈ। ਤੁਸੀਂ ਅਜ ਕਲ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜੇਹੇ ਵਿਰਲੇ ਵਾਂਝੇ ਸਿਖ ਹੀ ਹੁੰਦੇ ਹਨ ਕਿ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣਗੇ। ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਔਣ ਤੋਂ ਕਦੇ ਭੀ ਨਹੀਂ ਝਿਜਕਣਗੇ ਦਾੜ੍ਹੀ ਨਰੜਨ ਵਾਲੇ ਨਾਮ ਧਰੀਕ ਸਿਖਾਂ ਨੂੰ ਆਪਣੀ ਨਾਮ ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾਂ ਮੁਖ ਜਾਪਦਾ ਹੈ। ਸਚੀ ਸਰਕਾਰ ਦੇ ਸਚੇ ਹੁਕਮ ਨੂੰ ਤਾਂ



www.AKJ.Org

ਹੀ ਤੇ ਉਹ ਪਿਠ ਦੇਈ ਫਿਰਦੇ ਹਨ । ਸਾਨੂੰ ਖਤਰਾ ਹੈ ਕਿ ਕਈ ਸਵਾਰਥ ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅਜ ਕਲ ਨਾਸਤਕ ਲਹਿਰ ਵਿਚ ਰੁੜ੍ਹ ਕੇ ਨਿਰੇ ਨਾਸਤਕ ਹੀ ਨਾ ਬਣ ਬੈਠਣ । ਕਿਤੇ ਦਾੜ੍ਹੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ ਜੈਸਾ ਕਿ ਅਨੇਕਾਂ ਹੁੰਦੇ ਦੇ ਗਹਿਕ ਮੁਲਾਜ਼ਮਾਂ ਸਰਕਾਰੀ ਅਫਸਰਾਂ ਖਾਸ ਕਰ ਫ਼ੌਜੀ ਹੁੱਦੇ ਦਾਰਾਂ ਪ੍ਰਥਾਈ ਸੁਣਿਆ ਗਿਆ ਹੈ ਕਿ ਉਹ ਕੁੜਾਵੇ ਹੁੱਦਿਆਂ ਦੀ ਖਾਤਰ ਦਾੜ੍ਹੀ ਕੇਸ ਮੁਨਾਈ ਫਿਰਦੇ ਹਨ । ਕੂੜਾਵੀਆਂ ਕਪਤਾਨੀਆ, ਕਰਨੈਲੀਆਂ ਜਰਨੈਲੀਆਂ ਉਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ ਐਥੇ ਹੀ ਰਹਿ ਜਾਣਗੀਆ । ਗੁਰੂ ਕੀ ਦਰਗਾਹ ਵਿਚ ਓਹਨਾਂ ਨੂੰ ਐਸੇ ਧਕੇ ਪੈਣਗੇ ਕਿ ਕਿਸੇ ਕੂੜਾਈ ਸਰਕਾਰ ਦੀਆਂ ਸਫਾਰਸ਼ਾਂ ਨੇ ਕੰਮ ਨਹੀਂ ਸਾਰਨਾ ਪਛਤੋਣਾ ਹੀ ਪਛਤੋਣਾ ਰਹਿ ਜਾਵੇਗਾ ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜ੍ਹੀ ਚਾੜ੍ਹਨ ਹਾਰੇ ਸਿਖਾਂ ਦਾ ਸੁਪਨ ਮਾਤਰ ਵਿਚ ਵੀ ਐਸਾ ਖਿਆਲ ਹੈ । ਬਲਕਿ ਓਹਨਾਂ ਨੂੰ ਦਾੜ੍ਹੀ ਕੇਸਾਂ ਦੀ ਰਖਿਆ ਦਾ ਪੱਕਾ ਯਕੀਨ ਹੈ, ਓਹਨਾਂ ਨੂੰ ਦਾੜ੍ਹੀ ਮਰੋੜਨ ਮਚਕੋੜਨ ਦਾ ਦੇਖੀ ਦੇਖੀ ਰਿਵਾਜ ਪਿਆ ਹੋਇਆ ਹੈ । ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋ ਦਿਨ ਵਧਦਾ ਹੀ ਜਾਂਦਾ ਹੈ ਏਥੋਂ ਤਾਈਂ ਕਿ ਕਿਸੇ ਭੀ ਮਹਿਕਮੇ ਦਾ ਕਈ ਸਿਖ ਐਸਾ ਨਜ਼ਰ ਨਹੀਂ ਆਉਂਦਾ ਕਿ ਜੋ ਦਾੜ੍ਹੀ ਨਾ ਨਰੜਦਾ ਹੋਵੇ । ਸਾਨੂੰ ਬੜੇ ਅਫਸੋਸ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਜੋ ਆਪਣੀਆਂ ਜਨਾਨੀਆਂ ਨੂੰ ਆਪਣੇ ਪਤੀਆ ਦੀਆਂ ਚਾੜ੍ਹੀਆਂ ਦਾੜ੍ਹੀਆਂ ਹੀ ਚੰਗੀਆ ਲਗਦੀਆਂ ਹਨ ।

ਜਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁਛਿਆ ਗਿਆ ਕਿ ਤੁਸੀਂ ਆਪਣੀਆਂ ਜਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉ ਦੇ । ਤਾਂ ਓਹਨਾਂ ਨੇ ਸਪਸ਼ਟ ਉਤਰ ਦਿਤਾ ਕਿ ਉਹਨਾਂ ਦੀਆਂ ਜਨਾਨੀਆਂ ਇਹ ਚਾਹੁੰਦੀਆਂ ਹਨ ਕਿ ਕਾਲੇ ਵਾਲਾਂ ਨੂੰ ਘਰੜ ਮੁਨਾਂ ਦੇਣ ਤਾਂ ਅਸੀਂ ਓਹਨਾਂ ਦੇ ਵਸਾਗੀਆਂ । ਪਰੰਤੂ ਤਿਨਾਂ ਸਿਦਕੀ ਸਿੰਘਾ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਆਪਣੀਆਂ ਕੁਵੱਲੀਆਂ (ਬੋਧੀਆਂ) ਇਸਤਰੀਆਂ ਦੇ ਗੁਰਮਤਿ ਹੀਣੇ ਤੇ ਮਨਮਤ ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ । ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ ਨੇ ਆਪਣੇ ਕਾਲੇ ਵਾਲ ਪੁਟ ਕੇ ਸਾਫ਼ ਕਰ ਛਡੇ ਸਨ । ਕਈ ਨਾਮ ਧਰੀਕ ਸਿਖ ਸਿਖਣੀਆ ਇੰਦਰ ਬਾਗ ਵਾਲੇ ਰੋਮਾ ਨੂੰ ਉਡਾ ਦੇਣਾ ਅਤੇ ਘਰੜ ਮੁਨਾ ਦੇਣਾ ਮਨਮਤ ਹੀ ਨਹੀਂ ਸਮਝਦੇ ਜੋ ਕੱਚ ਘਰੜ ਸਿਖ ਕੇਵਲ ਮਨਮੰਨੀ ਸਰਰੀਕ ਸੁਹੱਪਣ ਖਾਤਰ ਦਾੜ੍ਹੀਆ ਦੀ ਬਅਦਬੀ ਕਰਦੇ ਹਨ, ਉਹ ਮਹਾ ਮਨਮਤੀਏ ਹਨ । ਦਾੜ੍ਹੀਆ ਸੋਹਣੀਆ ਲਗਣ ਲਈ ਚੜ੍ਹਾਉਣਾ, ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ ।

ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆ ਮੁੰਨਣ ਵਾਲੇ



www.AKJ.Org

ਪਰਾਨੀ ਵਾਹਿਗੁਰੂ ਦਾ ਭਾਣਾ ਛਡਕੇ ਨਿਰਾ ਆਪਣੇ ਮਨ ਦਾ ਮਤਾ ਮੰਨ ਕੇ ਚਲਣ ਹਾਰੇ ਮਨਮੁਖ ਵਿਛੜਿ ਚੋਟਾਂ ਖਾਵਣ ਹਾਰ ਪਰਾਨੀ ਹਨ । ਜੋ ਸਚਿਆਰੇ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜੀਆ ਕੇਸਾਂ ਦਾ ਮੁੰਡਨ ਨਹੀਂ ਕਰਾਉਂਦੇ ।

ਓਹੀ ਗੁਰੂ ਕੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ । ਖਿਨ ਖਿਨ ਸਵਾਸਿ ਸੁਵਾਸਿ ਨਾਮ ਅਭਿਆਸ ਸਿਮਰਨ ਕਰਨਾ ਖਾਸ ਮਖਸੂਸੀ ਗੁਰੂ ਵਾਹਿਗੁਰੂ ਨੂੰ ਦਿਨੇ ਰਾਤਿ ਸੇਵਨਾ ਹੈ । ਇਸ ਪ੍ਰਕਾਰ ਸੇਵਨ ਹਾਰ ਗੁਰੂ ਕੇ ਸਿਖ ਦਿਨੇ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ । ਸਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ ਹੀ ਸੋਹਣ ਮੁਖੜੇ ਵਾਲੇ ਹਨ, ਅਜੇਹੇ ਗੁਰੂ ਕੇ ਲਾਲ ਸਚੇ ਵਾਹਿਗੁਰੂ ਦੀ ਦਰਗਾਹ ਵਿਖੇ ਪ੍ਰਗਟ ਪਹਾਰੇ ਗੁਰਮੁਖ ਜਾਪਦੇ ਹਨ । ਓਹਨਾ ਦੇ ਚੇਹਰੇ ਉਤੇ ਸਚੀਆਂ ਗੁਰਮੁਖ ਦਾਹੜੀਆਂ ਸੋਹਿੰਦੀਆਂ ਹਨ ਅਤੇ ਮੁਖੋਂ ਸਚੇ ਵਾਹਿਗੁਰੂ ਦਾ ਸਚਾ ਨਾਮੁ ਖਿਨੁ ਖਿਨੁ ਓਚਾਰਨ ਕਰਦੇ ਰਹਿੰਦੇ ਹਨ । ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵਿਚੋਂ ਸਚ ਨਾਮ ਦਾ ਅਕਸੀਰ ਰਸੈਣੀ ਸਿਮਰਨ ਵੀ ਸਵਾਸਿ ਸਵਾਸਿ ਉਚਾਰਨ ਹੁੰਦਾ ਰਹਿੰਦਾ ਹੈ । ਉਹ ਹਰ ਦਮ ਸਚੇ ਨਾਮ ਦੀਆਂ ਅਭਿਆਸ ਕਮਾਈਆਂ ਕਰਦੇ ਰਹਿੰਦੇ ਹਨ । ਉਹਨਾਂ ਦੇ ਹਿਰਦੇ ਅੰਦਿਰ ਗੁਰਮਤਿ ਰੂਪੀ ਸਚਾ ਵਾਹਿਗੁਰੂ ਸ਼ਬਦ ਹੀ ਵਸਿਆ ਰਹਿੰਦਾ ਹੈ, ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ ਅੰਦਰਿ ਰਸੇ ਰਹਿਣ ਕਰਕ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸਚ ਸਰੂਪ ਵਿਖ ਹੀ ਸਮਾਏ ਰਹਿੰਦੇ ਹਨ । ਸਚੇ ਨਾਮ ਦੀ ਪੂੰਜੀ ਦੇ ਸਚੇ ਗਾਹਕ ਹੋਣ ਕਰਕੇ ਉਹ ਸਚੀ ਰਾਸੀ ਵਾਲੇ ਸਦਾਉਂਦੇ ਹਨ, ਸਚਾ ਨਾਮ ਰੂਪੀ ਧਨ ਹੀ ਓਹਨਾ ਦੇ ਪਲੇ ਪਿਆ ਰਹਿੰਦਾ ਹੈ । ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖਜਨ ਉਤਮ ਪਦਵੀ ਪਾਉਣ ਵਾਲੇ ਹਨ।ਉਹਨਾਂ ਦੇ ਸਰਵਨਾਂ(ਕੰਨਾਂ)ਅੰਦਰਿ ਸਚੇ ਨਾਮ ਦੀ ਧੁਨੀ ਹੀ ਖਿਨਖਿਨ ਪੈਂਦੀ ਸੁਣਾਈ ਦੇਂਦੀ ਹੈ ਕਿਉਂਕਿ ਮਨ ਬਚਨ ਕਰਮ ਕਰਕੇ ਓਹਨਾਂ ਦੀ ਸਰਧਾ ਅਤਰੀਵਾ ਸਿਦਕ ਭਾਵਨੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ । ਇਸ ਕਰਕੇ ਓਹ ਨਾਮ ਜਪਣ ਵਾਲੀ ਹੀ ਸਚੀ ਕਾਰ ਕਮੰਦੇ ਰਹਿੰਦੇ ਹਨ । ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸਚੀ ਦਰਗਾਹ ਵਿਚ ਮਸ਼ਭਤ ਹੋਣਾ ਸੋਹੰਦਾ ਹੈ ।ਅਤੇ ਸਚੇ ਵਾਹਿਗੁਰ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਸਮਾਈ ਹੁੰਦੀ ਹੈ । ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਚੇ ਸਤਿਗੁਰੂ ਬਾਝੋਂ ਅਜੇਹਾ ਸਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ ਜੋ ਮਨਮੁਖ ਲਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਵਿਦਤਾਏ ਹੁਕਮਾ ਤੋਂ ਮੁਨਹਰਫ ਰਹਿੰਦੇ ਹਨ: ਉਹ ਸਦਾ ਹੀ ਭਰਮ ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ ਭੁਲੇ ਹੀ ਚਲੇ ਜਾਂਦੇ ਹਨ ।

ਏਹ ਇਬਾਰਤ ਉਪਰਲੇ ਮੁਢ ਵਿਚ ਦਿਤੇ ਗੁਰ ਸ਼ਬਦ ਦੀ ਤੱਤ ਵਿਆਖਿਆ ਹੈ । ਸਾਰੇ ਸ਼ਬਦ ਦਾ ਭਾਵ ਇਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜ੍ਹੀਆਂ ਵਾਲੇ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫਲ ਹੁੰਦੀ ਹੈ । ਓਹੀ ਲੋਕ ਪਰਲੋਕ ਵਿਚ ਸੁਰਖਰੂ ਹ ਸਕਦੇ ਹਨ ।



www.AKJ.Org

## ੨ ਦਾੜ੍ਹੇ ਦੀ ਬੇਅਦਬੀ ਦੇ ਕਾਰਨ

ਤੱਤ ਗੁਰਮਤ ਤੋਂ ਗੁਮਰਾਹ ਜੋ ਸੁਆਰਥੀ ਕਾਰਜ ਦੀ ਕਨੌਡ ਕਰਕੇ ਆਪਣੀਆਂ ਦਾੜ੍ਹੀਆਂ ਮਰੋੜਦੇ ਮਚਕੋੜਦੇ ਹਨ ਓਹਨਾਂ ਬਾਰੇ ਭਾਰੀ ਖਤਰਾ ਹੈ ਕਿ ਕਿਸੇ ਦਿਨ ਚੱਟਮ ਦਾੜ੍ਹੀਆਂ ਕਰਕੇ ਗੁਰ ਸਿੱਖੀ ਤੋਂ ਪਤਿਤ ਅਤੇ ਮੁਨਹਰਫ ਹੀ ਨਾ ਹੋ ਬੈਠਣ। ਅਜੇਹੇ ਸੁਆਰਥੀ ਕੰਮ ਕੱਢੂ ਦਾੜ੍ਹੀ ਮਰੋੜਾਂ ਮਚਕੋੜਾਂ ਨੂੰ ਨੰਬਰਵਾਰ ਹੇਠ ਲਿਖੇ ਅਨੁਸਾਰ ਵਖੋ ਵਖ ਸ਼ਰੇਣੀਆਂ ਵਿਚ ਵਰਣਨ ਕੀਤਾ ਜਾਂਦਾ ਹੈ :—

(੧) ਸਭ ਤੋਂ ਪਹਿਲੇ ਉਹਨਾਂ ਭੇਖੀਆਂ ਦਾ ਜ਼ਿਕਰ ਕਰਨਾ ਅਹਮ ਜ਼ਰੂਰੀ ਹੈ ਜੋ ਵਿਵਾਹ (ਸ਼ਾਦੀ) ਕਰਾਉਣ ਦੀ ਖਾਤਰ ਦਾਹੜੀਆਂ ਚਾੜ੍ਹਦੇ ਹਨ। ਉਹਨਾਂ ਦੇ ਖਿਆਲ ਵਿਚ ਇਹ ਗਲ ਜੰਮੀ ਹੋਈ ਹੈ ਕਿ ਦਾਹੜੀ ਚਾੜ੍ਹੇ ਬਿਨਾਂ ਵਿਵਾਹ ਮੰਗਣੀ ਹੁੰਦੀ ਹੀ ਨਹੀਂ। ਕਈ ਇਕ ਐਸੇ ਭਖ਼ੀ ਦੇਖੇ ਗਏ ਹਨ ਜਿਨਾਂ ਨੂੰ ਏਸੇ ਵਿਆਹ ਵਾਲੀ ਕਨੌਡ ਨਮਿਤ ਦਾਹੜੀ ਚਾੜ੍ਹਦੀਆਂ ਸਾਲਾਂ ਦੇ ਸਾਲ ਗੁਜਰ ਗਏ, ਪਰ ਮੰਗਣੀ ਵਿਆਹ ਉਹਨਾਂ ਦਾ ਫੇਰ ਭੀ ਨਾ ਹੋਇਆ। ਏਸ ਲੰਮੇ ਅਰਸੇ ਵਿਚ ਉਹਨਾਂ ਦੀਆਂ ਬੰਨ੍ਹੀਆਂ ਦਾਹੜੀਆਂ ਹੋਰ ਭੀ ਲੰਬੀਆਂ ਹੋ ਗਈਆਂ ਉਹ ਵਿਚਾਰੇ ਕਰਨ ਤਾਂ ਕੀ ਕਰਨ ਜਿਥੇ ਲੰਬੀ ਦਾਹੜੀ ਹੋਣ ਦੇ ਖਤਰੇ ਕਰਕੇ ਉਹਨਾਂ ਦਾਹੜੀਆਂ ਚਾੜ੍ਹਨੀਆਂ ਸ਼ੁਰੂ ਕੀਤੀਆਂ ਸੀ ਉਹ ਖਤਰਾ ਉਹਨਾਂ ਦੇ ਐਸਾ ਦਰਪੇਸ਼ ਆਇਆ ਕਿ ਦਾਹੜੀਆਂ ਉਹਨਾਂ ਦੀਆਂ ਅਗੇ ਨਾਲੋਂ ਭੀ ਲੰਮੀਆਂ ਹੋ ਗਈਆਂ ਕਿਉਂਕਿ ਸੰਵਰਨ ਸਿੰਗਾਰਨ ਦੀ ਕੁਮਤੜੀ ਵਿਚ ਹੀ ਪਏ ਰਹਿੰਦੇ ਹਨ। ਕਈਆਂ ਦੇ ਹੀਰੇ (ਧੌਲੇ) ਭੀ ਦਾਹੜੀ ਵਿਚ ਆ ਜਾਂਦੇ ਹਨ, ਜਿਨ੍ਹਾਂ ਨੂੰ ਚੁਗਣ ਚੁਣਨ ਤੋਂ ਭੀ ਉਹ ਭੈ ਨਹੀਂ ਖਾਦੇ। ਕਈ ਤਾਂ ਮੂੰਹ ਉਤੇ ਗੋਹਾ (ਵਸਮਾਂ) ਲਾ ਲੈਂਦੇ ਹਨ, ਤਾਕਿ ਉਹ ਮੁੰਡ ਹੀ ਪ੍ਰਤੀਤ ਹੋਣ ਤੇ ਕਿਸੇ ਦੀ ਕੁੜੀ ਉਹਨਾਂ ਦੇ ਜਾਲ ਵਿਚ ਫਸ ਜਾਵੇ। ਜਿਨ੍ਹਾਂ ਨੂੰ ਸਤਿਗੁਰੂ ਨੇ ਸਰਧਾ ਸਿਦਕ ਭਾਵਨੀ ਦਿਤੀ ਹੋਈ ਹੈ, ਉਹ ਕਦੇ ਵੀ ਇਹਨਾਂ ਕੁਬਿਧਤਾ ਵਿਚ ਨਹੀਂ ਪੈਂਦੇ।

ਸਾਨੂੰ ਇਥੇ ਇਕ ਸਿਦਕੀ ਸਰਧਾਵਾਨ ਸਿੰਘ ਦੀ ਉਦਾਹਰਨ ਚੇਤੇ ਆ ਈ ਹੈ, ਜਿਸ ਦਾ ਇੰਨ ਬਿੰਨ ਏਥੇ ਲਿਖਣਾ ਪ੍ਰਮ ਜ਼ਰੂਰੀ ਭਾਸਣਾ ਹੈ। ਇਕ ਗੁਰੂ ਕੀ ਰਹਿਤ ਰਹਿਣੀ ਬਹਿਣੀ ਵਾਲ ਸਿਦਕੀ ਸਿੰਘ ਪਰਮ ਸ਼ਰਧਾਵਾਨ ਦੇ ਘਰੋਂ ਸਿੰਘਣੀ ਗੁਜ਼ਰ ਗਈ। ਉਸ ਨੂੰ ਉਸ ਦੇ ਸਬੰਧੀਆਂ ਨੇ ਪਰਰ ਕੇ ਦੂਜੀ ਸ਼ਾਦੀ ਲਈ ਉਭਾਰ ਲਿਆ ਅਤੇ ਨਾਤਾ ਭੀ ਕਿਤੋਂ ਲਿਆ ਦਿਤਾ। ਜਦ ਨਾਤਾ ਹੋ ਚੁਕਿਆ ਤਾਂ ਨਿਕਟ ਵਰਤੀ ਸੰਸਾਰੀ ਲੋਕ ਉਸ ਸਿਦਕਵਾਨ ਸਿੰਘ ਨੂੰ ਐਉਂ ਪਰੇਰਨ ਲਗੇ ਕਿ ਯਾ ਤਾਂ ਦਾਹੜੀ ਤੇ ਵਸਮਾ ਲਾ ਲਵੇ ਯਾ ਧੌਲੇ ਚੁਗਾ ਲਵੇ। ਉਸ ਸਰਧਾਵਾਨ ਸਿੰਘ ਨੇ ਇਹ ਉਤਰ ਦੇ ਕੇ ਸਭ ਦੇ ਮੂੰਹ ਤੇ ਚਪੇੜ ਲਾਈ ਕਿ ਮੈਨੂੰ ਐਸਾ ਨਾਤਾ ਲੈਣ ਦੀ ਕੋਈ ਲੋੜ ਨਹੀਂ, ਜਿਸ ਦੇ ਕਾਰਨ ਮੈਨੂੰ ਮੂੰਹ ਕਾਲਾ ਕਰਨਾ ਪਵੇ। ਮੂੰਹ ਕਾਲਾ ਕਰਾ ਕੇ (ਵਸਮਾ ਲਵਾ ਕੇ) ਫੇਰ ਤੁਸੀਂ ਦਾੜ੍ਹੀ ਨਰੜਨ ਲਈ ਕਹੋਗ। ਦੂਜੀ ਗਲ ਤੁਸੀਂ ਜੋ ਧੌਲ ਚੁਗਾਉਣ ਵਾਲੀ ਗੱਲ ਹੈ ਆਖੀ ਹੈ ਇਹ ਨਿਰੀ ਗੁਰਮਤ ਤੋਂ ਹੀਣੀ ਮਨਮਤ ਵਾਲੀ ਗੱਲ ਹੈ। । ਗੁਰਮਤ ਇਹ ਦ੍ਰਿੜਾਉਂਦੀ ਹੈ ਕਿ ਇਹ ਧੌਲੇ ਨਹੀਂ ਹੀਰੇ ਹਨ। ਕੌਡੀਆਂ ਦੇ ਵਪਾਰ ਲਈ ਇਨਾਂ ਨੂੰ ਵੇਚ ਦੇਵਾਂ ? ਅਸਾਡੇ ਸਾਹਮਣੇ ਦੀ ਗਲ ਹੈ ਕਿ ਕਈਆਂ ਮਨਮਤੀਆਂ ਅਤੇ ਮਨਮਤਣਾਂ ਨੇ ਬਥਰਾ ਜ਼ੋਰ ਲਾਇਆ ਕਿ ਉਸ ਸਜਣ ਨੂੰ ਗੁਰਮਤ ਭਿੰਨੀ



www.AKJ.Org

ਸਰਧਾ ਸਿਦਕ ਭਾਵਨੀ ਤੋਂ ਗੇਰ ਦੇਣ। ਪਰ ਉਹ ਗੁਰੂ ਕਾ ਲਾਲ ਐਸੀ ਸ਼ੁਭ ਅਤੇ ਸੁੰਦਰ ਭਾਵਨੀ ਵਾਲਾ ਨਿਕਲਿਆ ਕਿ ਉਸ ਨੇ ਕਿਸੇ ਦੀ ਕੁਝ ਨਹੀਂ ਮੰਨੀ। ਸੋਹਣੇ ਗੁਰਮੁਖੀ ਦਾੜ੍ਹੇ ਸਮੇਤ ਅਨੰਦ ਕਾਰਜ ਉਸ ਨੇ ਕਰਵਾਇਆ ਜਿਸ ਵਿਚ ਹੀਰੇ ਆਏ ਹੋਏ ਸਨ ਉਹ ਉਸੇ ਤਰਾ ਕਾਇਮ ਦਾਇਮ ਰਹੇ। ਅਸੀਂ ਖ਼ੁਦ ਉਸ ਅਨੰਦ ਕਾਰਜ ਵਿਚ ਸ਼ਾਮਲ ਸਾਂ। ਬੜੀਆਂ ਚੜ੍ਹਦੀਆਂ ਕਲਾਂ ਵਿਚ ਉਸ ਸਜਣ ਦਾ ਸਾਬਤ ਸੂਰਤਿ ਹੀਰੇ ਮੂਰਤੀ ਦਾੜ੍ਹੇ ਸੰਜੁਗਤ ਅਨੰਦ ਕਾਰਜ ਹੋਇਆ, ਜੋ ਅਜ ਤਾਈਂ ਬੜੇ ਅਨੰਦ ਮਗਨਤਾ ਸਹਿਤ ਦ੍ਰਿੜ ਹਨ। ਵਾਰਨੇ ਬਲਿਹਾਰਨੇ ਜਾਈਏ ਅਜੇਹੇ ਗੁਰੂ ਦੇ ਸੁੰਦਰ ਭਾਵਨਾ ਵਾਲੇ ਸਿਘ ਤਾਈਂ। ਤਾਂ ਤੇ ਜ ਅਨਮਤ ਗ੍ਰਸ ਦਾੜ੍ਹੀ ਦਾੜ੍ਹੇ, ਦਾੜੀ ਨਰੜ ਪੁਰਸ਼ ਵਿਆਹ ਨਾਤਿਆਂ ਕਾਰਨ ਦਾਹੜੀਆਂ ਚਾੜ੍ਹਦੇ ਸੰਵਾਰਦੇ ਸ਼ਿੰਗਾਰਦੇ ਹਨ ਓੜਕ ਐਵੇਂ ਹੀ ਰਹਿ ਜਾਂਦੇ ਹਨ। ਅਜੇਹੇ ਢੀਠ ਪੁਰਸ਼ ਹੀ ਹਨ ਜ ਦਾਹੜੀ ਨਰੜ ਕੁਮਤੜੀ ਨੂੰ ਹੀ ਆਪਣੀ ਮਨ ਦੀ ਮਤੜੀ ਅਨੁਸਾਰ ਅਸਲ ਤੇ ਪਰਮ ਗੁਰਮਤ ਸਮਝਦੇ ਤੇ ਜਣਾਉਂਦੇ ਹਨ। ਵਾਸਤਵ ਵਿਚ ਉਹ ਭਰਮ ਭੁਲੇ ਪੁਰਸ਼ ਮੂੰਹ ਉਤੇ ਸੱਟਾ ਖਾਣਗੇ ਜੋ ਸਿਖ ਸਦਾ ਕੇ ਭੀ ਮੂੰਹ ਆਈਆਂ ਦਾਹੜ ਨਰੜ ਤੇ ਹੀਰੇ ਘਰੜ ਕੁਮਤੜੀਆ ਤੋਂ ਨਹੀਂ ਟਲਦੇ।

(੨) ਦਜੇ ਦਾਹੜੇ ਨਰੜਨ ਵਾਲੇ ਸੁਆਰਥੀ ਪੁਰਸ਼ ਉਹ ਹਨ ਸਿਰਫ ਨੌਕਰੀ ਦੀ ਕਨੌਡ ਕਰਕੇ ਦਾਹੜੀ ਨਰੜਦੇ ਹਨ ਅਜੇਹੇ ਨੌਕਰੀ ਨੌਡੀਆਂ ਦੀ ਸਰਧਾ ਸਿਦਕ ਭਰੀ ਸਿਖੀ ਭੀ ਬੜੀ ਖਤਰੇ ਵਿਚ ਹੈ।

(੩) ਤੀਜੀ ਸ਼ਰੇਣੀ ਦੇ ਅਜੇਹੇ ਕਮਜ਼ੋਰ ਖਿਆਲਾਂ ਵਾਲੇ ਸਿਖੜੇ ਭੀ ਹਨ ਜੋ ਕੇਵਲ ਲਾਜ ਦੇ ਕਾਰਨ ਜਦੋਂ ਆਪੋ ਆਪਣੇ ਮਹਿਕਮਿਆਂ ਵਿਚ ਜਾਂਦੇ ਹਨ ਓਦੋਂ ਤਾ ਦਾੜ੍ਹੀ ਚੀਰ ਕੇ ਦੋ ਫਾੜ ਕਰਕੇ ਚਾੜ੍ਹ ਲੈਂਦੇ ਹਨ, ਪਰ ਜਦੋਂ ਗੁਰੂ ਦੀਆਂ ਸੰਗਤਾਂ ਵਿਚ ਆਉਂਦ ਹਨ ਓਦੋਂ ਦਾੜ੍ਹਾ ਸਿਧਾ ਗੁਰਮੁਖੀ ਕਰ ਲੈਂਦੇ ਹਨ। ਇਕ ਪ੍ਰੋਫੈਸਰ ਪੇਸ਼ੇ ਵਾਲਾ ਸਿੰਘ ਦਾੜ੍ਹੀ ਚਾੜ੍ਹ ਕੇ ਕੀਰਤਨ ਕਰਨ ਲੱਗਾ ਪਰ ਅਸੀਂ ਉਸ ਨੂੰ ਬਾਜੇ ਉਤੇ ਨਾ ਬੈਠਨ ਦਿਤਾ ਕਿ ਦਾੜ੍ਹੀ ਖੋਲ ਕੇ ਬੈਠ। ਉਸਨੇ ਬੜੀ ਘੀਗਿਆ ਕੇ ਬੇਨਤੀ ਕੀਤੀ ਕਿ ਘਟ ਤੋਂ ਘਟ ਇਸ ਸ਼ਹਿਰ ਵਿਖੇ ਜਿਥੇ ਕਿ ਮੈਂ ਪਰੋਫੈਸਰ ਹਾਂ ਮੈਨੂੰ ਚੜ੍ਹੇ ਦਾਹੜੇ ਸਮੇਤ ਕੀਰਤਨ ਕਰਨ ਦੀ ਆਗਿਆ ਮਿਲ ਜਾਵੇ। ਅਸੀਂ ਬਿਲਕੁਲ ਨਾ ਮਨਜ਼ੂਰ ਕੀਤਾ, ਵਿਚੋਂ ਇਹ ਗਲ ਨਿਕਲੀ ਕਿ ਉਸ ਕਾਲਜ ਦੇ ਮੁੰਡ ਜਿਥੇ ਉਹ ਪਰੋਫੈਸਰ ਲਗਾ ਹੋਇਆ ਸੀ ਉਸ ਨੂੰ ਮੁਲਾਂ ਮੁਲਾਣਾਂ ਆਖ ਕੇ ਮਿਹਣਾ ਮਾਰਦੇ ਜਦੋਂ ਕਦੇ ਕਿਤੇ ਉਹ ਦਾਹੜਾ ਖੋਲ ਲੈ ਦਾ ਸੀ। ਜਿਨ੍ਹਾਂ ਗੁਰੂ ਕੇ ਤਾਰਿਆਂ ਸਿਖਾਂ ਨੂੰ ਗੁਰਮਤਿ ਨਾਲ ਸੱਚੀ ਸਿਦਕ ਭਾਵਨੀ ਹੈ ਉਹ ਬਰਸਾਂ ਬੱਧੀ ਸਕੂਲਾਂ ਦੇ ਹੈਡਮਾਸਟਰ ਤੇ ਕਾਲਜਾਂ ਦੇ ਪ੍ਰਿੰਸੀਪਲ ਭੀ ਰਹੇ ਪ੍ਰੰਤੂ ਉਹਨਾਂ ਦੇ ਦਾਹੜੇ ਗੁਰਮੁਖੀ ਹੀ ਸਜੇ ਰਹੇ। ਮਜਾਲ ਹੈ ਕਿ ਰੰਚਕ ਮਾਤਰ ਭੀ ਲਰਜ਼ਿਸ਼ ਆਈ ਹੋਵੇ।

(੪) ਚੌਥੀ ਸਰੇਣੀ ਦੇ ਅਜੇਹੇ ਨਾਮ ਧਰੀਕ ਸਿਖ ਹਨ ਜੋ ਕੇਵਲ ਸ਼ੁਕੀਨ ਬਣਨ ਦੀ ਖਾਤਰ ਦਾਹੜੀਆਂ ਚਾੜ੍ਹਦੇ ਹਨ ਤੇ ਮੁਛਾਂ ਮਰੋੜ ਕੇ ਰਖਦੇ ਹਨ। ਦਸਤਾਰੇ ਦੇ ਉਪਰ ਤੁਰਲਾ ਭੀ ਰਖਦੇ ਹਨ। ਉਹਨਾ ਦਾ ਸ਼ੌਂਕ ਏਹ ਹੀ ਹੈ ਕਿ ਅਸੀਂ ਜਵਾਨ ਹੀ ਪ੍ਰਤੀਤ ਹੋਇਏ। ਏਸ ਜਵਾਨੀ ਨੇ ਸਦਾ ਰਹਿਣਾ ਨਹੀਂ। ਓੜਕ ਬੁਢੇਪਾ ਆ ਹੀ ਜਾਣਾ ਹੈ ਤੇ ਇਹਨਾਂ ਸ਼ੁਕੀਨਾਂ ਦਾ ਸ਼ੁਕੀਨੀ ਪਾਜ ਭੀ ਜਰੂਰ ਲਹਿਣਾ ਹੈ।



www.AKJ.Org

(੫) ਪੰਜਵੀਂ ਸ਼ਰੇਣੀ ਦੇ ਅਜੇਹੇ ਕਾਮ ਵਿਆਪਕ ਕੁਬੁਧ ਨਰ ਭੀ ਹਨ ਜੋ ਆਪਣੇ ਘਰ ਦੀਆਂ ਜੋਰੂਆਂ (ਜ਼ਨਾਨੀਆਂ) ਦੇ ਕਹੇ ਤੇ ਦਾਹੜੀਆਂ ਚੜ੍ਹਾਂਦੇ ਹਨ ਕਿ ਅਸੀਂ ਸੋਹਣੇ ਲਗੀਏ। ਅਜੇਹੀਆਂ ਜ਼ਨਾਨੀਆਂ ਨੂੰ ਤਾਂ ਉਹ ਸੋਹਣੇ ਤਾਂ ਹੀ ਲਗਣਗੇ ਕਿ ਮੂੰਹ ਤੇ ਦਾੜ੍ਹੀ ਦਾ ਨਮੂਦ ਹੀ ਨ ਰਹੇ।

ਕੈਸੀ ਸ਼ਰਮਨਾਕ ਹਾਲਤ ਹੈ, ਸ਼ਰਮਨਾਕ ਹੀ ਨਹੀਂ ਖਤਰਨਾਕ ਹੈ ਉਪਰ ਅੰਕਤਾਏ ਪੰਜਾਂ ਨੰਬਰਾਂ ਵਿਚ ਆਏ ਦਾਹੜੀ ਨਰੜ ਭੇਖੀ ਸਿਖਾਂ ਦੀ ਜੋ ਦੋਹੀਂ ਸਰਾਈਂ ਨਿਰੇ ਝੂਠ ਤੇ ਪਾਜਲ ਸਿਖ ਹੀ ਰਹਿਣਗੇ। ਖਾਸ ਕਰ ਗੁਰੂ ਨਾਨਕ ਦਸਮੇਸ਼ ਜੀ ਦੀ ਸਚੀ ਦਰਗਾਹ ਵਿਚ ਉਹਨਾਂ ਨੂੰ ਕਦੇ ਭੀ ਢੋਈ ਨਹੀਂ ਮਿਲਣੀ। ਇਹ **ਗਲ** ਅਛੀ ਤਰਾਂ ਯਾਦ ਰਹੇ ਕਿ ਅਸਾਡੀਆਂ ਦਸੇ ਗੁਰੂ ਪਾਤਸ਼ਾਹੀਆਂ ਸਿਧੀਆਂ ਗੁਰਮੁਖੀ ਦਾੜ੍ਹੀਆਂ ਸਮੇਤ ਹੀ ਰਹੀਆਂ ਬਲਕਿ ਸਾਰੇ ਗੁਰੂ ਪਾਤਸ਼ਾਹੀਆਂ ਦੇ ਸਮੇਂ ਦੇ ਗੁਰਸਿਖ ਭੀ ਗੁਰਮੁਖੀ ਦਾੜ੍ਹੀਆਂ ਵਾਲੇ ਸਚੇ ਸਿੰਘ ਸੁਅਜਨ ਹੀ ਗੁਰੂ ਕੇ ਸਚਿਆਰ ਸਿੰਘ ਸੋਭਦੇ ਹਨ। ਇਹ ਦਾੜ੍ਹੀ ਨਰੜਨ ਦੀ ਕੁਬਿਧਤ ਕੇਵਲ ਦੇਖਾ ਦੇਖੀ ਹੀ ਪਈ ਹੋਈ ਹੈ। ਅਤੇ ਬਹੁਤੀ ਸੁਆਰਥ ਅਧੀਨ ਨੌਕਰਾਂ ਚਾਕਰਾਂ ਨੂੰ ਹੀ ਪਈ ਹੋਈ ਹੈ ਜਿਨ੍ਹਾਂ ਦਾ ਸਿਖੀ ਸਿਦਕ ਹਰਦਮ ਖਤਰੇ ਵਿਚ ਹੈ।

੩.

# ਫੌਜੀ ਦਾੜ੍ਹੀਆਂ ਨਰੜਨ ਵਾਲਿਆਂ ਦੇ ਢੋਲ ਦਾ ਪੋਲ

ਇਹ ਗਲ ਨਿਸਚਤ ਕਰਕੇ ਸਚੀ ਜਾਨਣੀ ਕਿ ਫੌਜੀਆਂ ਲਈ ਏਸ ਕਰਕੇ ਦਾੜ੍ਹੀ ਨਰੜਨ ਦਾ ਸਰਕਾਰੀ ਹੁਕਮ ਨਹੀਂ ਹੋਇਆ ਕਿ ਓਹਨਾਂ ਦਾ ਦਾਹੜਾ ਬੰਦੂਕ ਚਲਾਉਣ ਲਗਿਆਂ ਕੁੰਦੇ ਦੇ ਹੇਠਾਂ ਆ ਜਾਂਦਾ ਸੀ ਅਤੇ ਦਾਹੜੀ ਦੇ ਰੋਮਾਂ ਦੀ ਬੇਅਦਬੀ ਹੋਂਦੀ ਸੀ। ਸਾਨੂੰ ਇਹ ਗਲ ਸਾਡੇ ਇਕ ਨਿਕਟਵਰਤੀ ਸੂਬੇਦਾਰ ਸ਼ਾਮ ਸਿੰਘ ਨੇ ਜੋ ਸਾਡੇ ਭਤੀਜੇ ਸਜਣ ਸਿੰਘ ਦੇ ਪਿਤਾ ਸਨ ਸਚੋ ਸਚ ਦਸੀ ਕਿ ਅਸੀਂ ਜਦੋਂ ਸਿਪਾਹੀ ਨਾਵੇਂ ਹੁੰਦੇ ਸਾਂ ਤਾਂ ਅਸਾਂ ਬੰਦੂਕ ਚਲਾਉਂਦੇ ਰਹੇ ਹਾਂ, ਸਾਡਾ ਦਾਹੜਾ ਕਦੇ ਕੁੰਦੇ ਹੇਠ ਨਹੀਂ ਆਇਆ ਅਤੇ ਨਾਂਹੀ ਕੁੰਦਾ ਦਾਹੜੇ ਦੇ ਰੋਮਾਂ ਨੂੰ ਕੋਈ ਨੁਕਸਾਨ ਪਚਾ ਸਕਦਾ ਹੈ। ਉਨ੍ਹਾ ਨੇ ਇਹ ਗਲ ਸਚੋ ਸਚ ਦਸੀ ਕਿ ਉਸ ਵੇਲੇ ਦੇ ਪੰਥ ਭੂਸ਼ਨਾਂ ਨੇ ਹੀ ਅੰਗਰੇਜ਼ ਗੋਰਮੈਂਟ ਨੂੰ ਪਰੇਰਕੇ ਦਾਹੜੀਆਂ ਚੜ੍ਹਵਾਈਆਂ ਕੇਵਲ ਦਾੜੀਆਂ ਹੀ ਨਹੀਂ ਚੜ੍ਹਵਾਈਆਂ ਬਲਕਿ ਫੌਜੀ ਸਿਖਾਂ ਲਈ ਸ਼ਰਾਬ ਪੀਣ ਦਾ ਭੀ ਹੁਕਮ ਦਿਵਾਇਆ। ਓਰੀਐਂਟਲ ਕਾਲਜ ਵਿਚ ਸਰਕਾਰੀ ਮੁਲਾਜ਼ਮ ਉਸ ਵੇਲੇ ਦੇ ਪ੍ਰਸਿਧ ਗਿਆਨੀ ਨੇ ਤਾਂ ਫ਼ੌਜੀਆਂ ਨੂੰ ਦਾਹੜੀ ਚੜ੍ਹਾਨ ਦਾ ਪਰੇਰ ਕੇ ਹੁਕਮ ਉਸ ਵਕਤ ਦੀ ਸਰਕਾਰ ਵਲੋਂ ਦਵਾਇਆ। ਉਹ ਦਸਦੇ ਸਨ ਕਿ ਸਾਡੀ ਹੈਰਾਨੀ ਦੀ ਹਦ ਨਾ ਰਹੀ ਜਦੋਂ ਉਸ ਵੇਲੇ ਦੇ ਮੁਖੀ ਭੂਸ਼ਨ ਨੇ ਸਾਡੀ ਫੌਜ ਵਿਚ ਆ ਕੇ ਬਰਾਂਡੀ ਦਾ ਪਿਆਲਾ ਸਾਥੋਂ ਮੰਗਵਾਇਆ ਅਤੇ ਵੰਗਾਰ ਕੇ ਇਉਂ ਆਖਿਆ ਕਿ ਅਸੀਂ ਹੀ ਬਰਾਂਡੀ



www.AKJ.Org

ਸ਼ਰਾਬ ਫੌਜੀ ਸਿਖਾਂ ਲਈ ਜਾਇਜ਼ ਕਰਾਰ ਦਵਾਈ ਹੈ । ਦਾਸ ਨੇ ਓਹਨਾਂ ਪਾਸੋਂ ਇਹ ਗਲ ਸੁਣ ਕੇ ਪਹਿਲਾਂ ਤਾਂ ਓਰੀਐਂਟਲ ਕਾਲਜ ਵਾਲੇ ਗਿਆਨੀ ਜੀ ਪਾਸ ਜਾ ਕੇ ਮੁਲਾਕਾਤ ਕੀਤੀ ਜਦੋਂ ਅਸੀਂ ਗਿਆਨੀ ਜੀ ਨੂੰ ਜਾ ਕੇ ਵੇਖਿਆ ਕਿ ਉਹਨਾਂ ਦੀ ਦਾੜ੍ਹੀ ਚੜ੍ਹੀ ਹੋਈ ਹੈ ਤਾਂ ਬੜੀ ਹੀ ਹੈਰਾਨੀ ਹੋਈ । ਉਹ ਬ੍ਰਿਧ ਗਿਆਨੀ ਸਨ, ਦਾਹੜ ਵਿਚ ਹੀਰੇ ਵੀ ਆਏ ਹੋਏ ਸਨ ਅਸੀਂ ਨਿਝਕ ਹੋ ਕੇ ਗਿਆਨੀ ਜੀ ਨੂੰ ਪੁਛਿਆ ਕਿ ਪ੍ਰਸਿਧ ਗਿਆਨੀ ਜੀ ਕੀ ਆਪ ਨੇ ਨਵਾਂ ਵਿਆਹ ਤਾਂ ਨਹੀਂ ਕਰਾਉਣਾ ਜਾਂ ਫੌਜ ਵਿਚ ਭਰਤੀ ਤਾਂ ਨਹੀਂ ਹੋਣਾ ? ਆਪ ਨੇ ਬੁਢਪੇ ਸਮੇਂ ਦਾਹੜੀ ਕਿਉਂ ਨਰੜੀ ਹੈ, ਜਿਸ ਦਾ ਗਿਆਨੀ ਜੀ ਨੂੰ ਕੋਈ ਉਤਰ ਨ ਔੜਿਆ । ਅਸੀਂ ਓਹਨਾਂ ਨੂੰ ਖਿਝ ਕੇ ਆਖਿਆ ਕਿ ਫੌਜਾਂ ਵਿਚ ਸਿੰਘਾਂ ਦੀ ਦਾਹੜੀ ਚੜ੍ਹਾਉਣ ਦਾ ਸਰਕਾਰੀ ਹੁਕਮ ਕਰਾਉਣ ਵਾਲੇ ਤੁਸੀਂ ਹੋ । ਆਪਣ ਐਬ ਨੂੰ ਢਕਣ ਵਾਸਤੇ ਤੁਸੀਂ ਨਾ ਸਿਰਫ ਅਜ ਫੌਜੀ ਸਿੰਘਾਂ ਦੀ ਦਾਹੜੀ ਨਰੜਵਾਈ ਹੈ ਬਲਕਿ ਤੁਹਾਡੀ ਰੀਸ ਨਾਲ ਹੋਰ ਬਹੁਤ ਸਾਰੇ ਸਿਖ ਦੂਢੜ ਹਰੇਕ ਮਹਿਕਮੇ ਦੇ ਹੀ ਦਾਹੜੀ ਚੜ੍ਹਾਇਆ ਕਰਨਗੇ ਅਤੇ ਤੁਹਾਡਾ ਫਤੂਰ ਪਾਇਆ ਤੁਹਾਨੂੰ ਹੀ ਭੁਗਤਣਾ ਪਵੇਗਾ । ਜਿਸਦਾ ਸਚ-ਮੁਚ ਪਿਛੋਂ ਜਾ ਕੇ ਨਤੀਜਾ ਨਿਕਲਿਆ ਕਿ ਪ੍ਰਸਿਧ ਗਿਆਨੀ ਜੀ ਦੀ ਸੰਤਾਨ ਜੋ ਗਿਆਨੀ ਜੀ ਦੀ ਰੀਸੇ ਦਾਹੜੀ ਚੜ੍ਹਾਉਣ ਲਗ ਪਈ ਸੀ ਉਹਨਾ ਨੇ ਵਲਾਇਤ ਜਾ ਕੇ ਦਾਹੜੀ ਉਕੀ ਹੀ ਘਰੜ ਮੁਨਾ ਛਡੀ ਅਤੇ ਸੀਸ ਦੇ ਕੇਸ ਭੀ ਚਟਮ ਕਰਾ ਛਡੇ । ਦੂਜੇ ਪ੍ਰਸਿਧ ਪੰਥ ਭੂਸ਼ਨ ਜੋ ਉਸ ਵਕਤ ਦੇ ਪੰਥਕ ਲੀਡਰ ਕਹਾਉਂਦੇ ਸਨ ਅਸੀਂ ਖੁਦ ਸ਼ਰਾਬ ਪੀਂਦੇ ਦੇਖੇ ।

ਦੋਹਾਂ ਉਦਾਹਰਣਾ ਦਾ ਸਚਾ ਪਰਤਾਵਾ ਲੈਕੇ ਅਸੀਂ ਮੁੜ ਆਪਣੇ ਸੂਬੇਦਾਰ ਵੀਰ ਪਾਸ ਪਹੁੰਚੇ ਅਤੇ ਉਹਣਾਂ ਨੂੰ ਆਖਿਆ ਕਿ ਤੁਹਾਡਾ ਕਹਿਣਾ ਸੋਲਾਂ ਆਨੇ ਸਚ ਹੈ । ਓਹਨਾਂ ਨੇ ਵੰਗਾਰ ਕੇ ਆਖਿਆ ਕਿ ਅੰਗਰੇਜ਼ੀ ਸਰਕਾਰ ਦੇ ਫੌਜੀ ਅਫਸਰਾਂ ਨੂੰ ਇਹ ਪਕਾ ਯਕੀਨ ਸੀ ਕਿ ਸਿੰਘਾਂ ਵਿਚ (ਮਾਰਸ਼ਲ) ਫੌਜੀ ਸਪਿਰਟ ਖੰਡੇ ਦੇ ਅੰਮ੍ਰਿਤ ਛਕਣ ਕਰਕੇ ਹੈ ਨਾ ਕਿ ਸ਼ਰਾਬ ਪੀਣ ਦੇ ਢੰਗ ਕਰਕੇ । ਦਾੜ੍ਹੀ ਨਰੜਨਾ ਭੀ ਫੌਜੀਆਂ ਸਿੰਘਾਂ ਲਈ ਇਕ ਫਾਲਤੂ ਬਹਿਦਤ (ਬਿਦਤ) ਚਮੋੜੀ ਗਈ ਹੈ । ਚਾਹੇ ਮੈਂ ਸੂਬੇਦਾਰ ਹੁੰਦਾ ਹੋਇਆ ਫੌਜੀ ਹੁਕਮ ਨੂੰ ਮੰਨ ਕੇ ਇਹਨਾਂ ਦੋਹਾਂ ਕੁਬਿਹਦਤਾਂ ਵਿਚ ਪ੍ਰਵਿਰਤ ਹੋ ਗਿਆ ਹਾਂ, ਪਰੰਤੂ ਹਿਰਦਿਓਂ ਮੈਂ ਇਨ੍ਹਾਂ ਦੋਹਾਂ ਕੁਬਿਹਦਤਾਂ ਨੂੰ ਗੁਰਮਤਿ ਹੁਕਮ ਦੇ ਉਕਾ ਹੀ ਉਲਟਾ ਸਮਝਦਾ ਹਾਂ । ਮੈਂ ਆਪਣੀ ਸਤਾਨ ਨੂੰ ਖਾਸ ਤੌਰ ਤੇ ਇਨ੍ਹਾਂ ਦੋਹਾਂ ਕੁਬਹਿਦਤਾਂ ਤੋਂ ਬਚਨ ਲਈ ਖਾਸ ਨਸੀਹਤ ਕਰ ਜਾਵਾਂਗਾ ਤੇ ਉਹਨਾਂ ਦੀ ਇਹ ਪ੍ਰਤਿਗਆ ਬਿਲਕੁਲ ਸਚੀ ਨਿਕਲੀ । ਉਨ੍ਹਾਂ ਦੇ ਸਪੁਤ੍ਰ ਭਾਈ ਸਜਣ ਸਿੰਘ ਅਤੇ ਸਜਣ ਸਿੰਘ ਦੇ ਵਡੇ ਵੀਰ ਸਰਦਾਰ ਕਿਸ਼ਨ ਸਿੰਘ ਜੀ ਨੇ ਅਜੇ ਤਾਈਂ ਦਾੜ੍ਹਾ ਕਦੇ ਨਹੀਂ ਨਰੜਿਆ ਸਿਧਾ ਹੀ ਰਖਿਆ ਹੈ ਅਤੇ ਨਾਂ ਹੀ ਕਦੇ ਸ਼ਰਾਬ ਮਾਸ ਨੂੰ ਹਥ ਲਾਇਆ ਹੈ । ਏਸ ਵਿਚ ਰੰਚਕ ਸੰਦੇਹ ਨਹੀਂ ਕਿ ਅਜ ਕਲ ਦੇ ਦਾੜ੍ਹਾ ਨਰੜੂ ਹਰ ਮਹਿਕਮੇ ਦੇ ਕਹਾਉਤੀ ਸਿਖ ਐਵੇਂ ਦੇਖਾ ਦੇਖੀ ਹੀ ਦਾਹੜਾ ਨਰੜਨ ਲਗ ਪਏ ਹਨ ਜੋ ਓਹਨਾਂ



www.AKJ.Org

ਨੂੰ ਅਤੀ ਹੀ ਮਹਿੰਗ ਪਵੇਗਾ ਅਤੇ ਪੈ ਰਿਹਾ ਹੈ। ਇਹ ਗਲ ਅਜ ਕਲ ਸਿਖ ਸ਼ਰੇਣੀ ਦੇ ਨਵ ਯੁਵਕਾਂ ਅੰਦਰ ਪਰਗਟ ਪਹਾਰੇ ਪ੍ਰਚਲਤ ਹੋ ਗਈ ਹੈ ਕਿ ਉਹ ਦਾਹੜਾ ਚੜ੍ਹਾਉਂਦੇ ੨ ਦਾਹੜੀ ਦੀ ਬੇਅਦਬੀ ਭੀ ਕਰਨ ਲਗ ਪੈਂਦੇ ਹਨ ਜੈਸਾ ਕਿ ਪਹਿਲੇ ਅੰਕਾਂ ਵਿਚ ਸਾਬਤ ਹੋ ਚੁਕਾ ਹੈ। ਇਹ ਅਜੇ ਫਿਟਕ ਵਗੀ ਹੀ ਤੁਰੀ ਜਾਂਦੀ ਹੈ: ਤਦੇ ਹੀ ਹਟੇਗੀ ਜਦੋਂ ਦਾਹੜੀ ਨਰੜਨ ਦਾ ਫੋਕਾ ਚਸਕਾ ਉਕਾ ਹੀ ਮਿਟ ਮਿਟਾ ਜਾਏਗਾ। ਬਹੁਤ ਸਾਰੇ ਆਪਣੇ ਜਾਣੇ ਅਣਜਾਣੇ ਨਵ ਯੁਵਕ ਕਹਾਵਤੀ ਭੁਝੰਗੀ ਭਾਵੇਂ ਦਾਹੜੀ ਦੀ ਬੇਅਦਬੀ ਉਸਤਰੇ ਕੈਂਚੀ ਨਾਲ ਨਹੀਂ ਕਰਦੇ, ਨਾਹੀ ਚੜ੍ਹਾਉਣ ਨਰੜਾਉਣ ਦੀ ਕੁਬਹਿਦਤ ਵਿਚ ਪੈਂਦੇ ਹਨ, ਪਰੰਤੂ ਉਹ ਕੰਬਲਾਂ (ਬੁਰਸ਼ਾਂ) ਨਾਲ ਦਾਹੜਾ ਘਸਾ ਕੇ ਵਧਣ ਨਹੀਂ ਦੇਂਦੇ। ਇਹ ਲੋਕ ਬੜੀ ਭਾਰੀ ਮਨਮਤ ਕਰ ਰਹੇ ਹਨ ਜੋ ਦਾੜ੍ਹੀ ਨਰੜਾਂ ਤੋਂ ਭੀ ਵਧ ਕੇ ਗੁਰੂ ਦੇ ਦੇਣਹਾਰ ਹੋਣਗੇ। ਆਮ ਸਿਖਾਂ ਦੀ ਘੜੀਸ ਨਾਲ ਚਲਣਾ ਬਹੁਤ ਹੀ ਪ੍ਰਵੇਸ਼ ਹੋ ਗਿਆ ਹੈ। ਕਈ ਸਿਖ ਇਤਹਾਸਕਾਰਾਂ ਨੇ ਤਾਂ ਗੁਰੂ ਸਾਹਿਬਾਨ ਨੂੰ ਸੇਲ੍ਹੀ ਟੋਪੀ ਪਹਿਨਾ ਕੇ ਨਿਰੀ ਹਿੰਦਵਾਇਣ ਦੇ ਪਿਛੇ ਲਗ ਕੇ ਇਹ ਸਿਧ ਕਰ ਦਿਤਾ ਹੈ ਕਿ ਗੁਰੂ ਸਾਹਿਬਾਨ ਨੂੰ ਸੀਸ ਦੇ ਕੇਸਾਂ ਦੀ ਲੋੜ ਹੀ ਨਹੀਂ ਸੀ। ਮਨ ਘੜਤ ਫੋਟੋਆਂ ਖਾਸ ਕਰ ਗੁਰੂ ਨਾਨਕ ਸਾਹਿਬ ਦੀ ਫੋਟ। ਆਪਣੇ ਮਨ ਦੇ ਮਨਸੂਬੇ ਅਨੁਸਾਰ ਐਸੀ ਖਿਚਾਉਂਦੇ ਹਨ ਕਿ ਗੁਰੂ ਨਾਨਕ ਸਾਹਿਬ ਨਿਰੇ ਸਿੰਧੀ ਸੇਠ ਹੀ ਪ੍ਰਤੀਤ ਹੁੰਦੇ ਹਨ। ਉਨ੍ਹਾਂ ਮਨ ਘੜਤ ਤਸਵੀਰਾਂ ਵਿਚ ਗੁਰੂ ਸਾਹਿਬ ਦਾ ਦਾੜ੍ਹਾ ਵੀ ਕੁਚ ਵਰਗਾ ਕੀਤਾ ਹੋਇਆ ਹੁੰਦਾ ਹੈ ਇਹ ਨਿਰੀ ਹੀ ਉਨ੍ਹਾਂ ਦੀ ਮਨੋਂ ਮਨੀ ਦੀ ਹੀ ਮਨਮਤ ਹੈ। ਸਾਡ ਸਾਹਮਣੇ ਇਕ ਹਥ ਦੀ ਖਿਚੀ ਹੋਈ ਮੁਸੱਵਰ ਦੀ ਤਸਵੀਰ ਮਨਮੁਖ ਪਈ ਸਸ਼ੋਭਤ ਹੈ, ਜੋ ਡੇਹਰਾ ਬਾਬਾ ਨਾਨਕ ਦੇ ਬੇਦੀਆਂ ਪਾਸੋਂ ਲੈ ਕੇ ਅਖਬਾਰਾਂ ਵਿਚ ਇਕ ਦੋ ਵਾਰ ਛਪੀ ਹੈ ਜੋ ਕਿਸੇ ਮੁਸੱਵਰ ਨੇ ਆਪਣੀ ਹੱਥੀਂ ਖਿਚ ਕੇ ਹੂਬਹੂ ਗੁਰੂ ਨਾਨਕ ਸਾਹਿਬ ਦੀ ਜੋ ਸ਼ਬੀਹ ਉਤਾਰੀ ਹੈ ਉਹ ਅਜ ਕਲ ਦੇ ਫੋਟੋ ਗਰਾਫਰਾਂ ਤੋਂ ਕਦੀ ਨਹੀਂ ਉਤਰ ਸਕਦੀ। ਗੁਰੂ ਨਾਨਕ ਸਾਹਿਬ ਦੇ ਸੀਸ ਉਤੇ ਸਾਧਾਰਣ ਦਮਾਲਾ ਸਜਿਆ ਹੋਇਆ ਅਤੇ ਸੀਸ ਦਾਹੜੇ ਦੇ ਕੇਸ ਐਸੀ ਖੂਬੀ ਦੇ ਨਾਲ ਨਜ਼ਰ ਆਵਦੇ ਹਨ ਕਿ ਦੇਖਣ ਵਾਲਾ ਦੰਗ ਰਹਿ ਜਾਂਦਾ ਹੈ। ਗੁਰੂ ਸਾਹਿਬਾਂ ਦੇ ਨੇਤਰ ਇਸ ਖੂਬੀ ਨਾਲ ਤਸਵੀਰ ਵਿਚ ਉਤਾਰੇ ਗਏ ਹਨ ਕਿ ਅਜ ਕਲ ਦੇ ਫਰਜ਼ੀ ਫਟੂਆਂ ਵਿਚ ਕਦੀ ਨਹੀਂ ਉਤਰ ਸਕਦੇ। ਗੁਰੂ ਸਾਹਿਬ ਦੀ ਨੈਤਰੀ ਨੀਝ ਅਦ੍ਰਿਸਟ ਅਕਾਲ ਪੁਰਖ ਦੇ ਦਰਸ਼ਨਾਂ ਵਿਚ ਮਖਮੂਰ ਅਤੇ ਨੂਰੋ ਨੂਰ ਐਸੀ ਦਿਸਦੀ ਹੈ ਕਿ ਜਿਸ ਤੋਂ ਸਾਫ ਪ੍ਰਸਿਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਇਸ ਦੁਨਿਆਂ ਵਿਚ ਰਹਿੰਦੇ ਹੋਏ ਭੀ ਨਾਮ ਅਤੇ ਨਾਮੀ ਵਾਹਿਗੁਰੂ ਦੇ ਦਰਸ਼ਨਾਂ ਨਾਲ ਐਸੇ ਮਖਸੂਰ ਹਨ ਕਿ ਕਦੇ ਵੀ ਓਹਨਾਂ ਦੀ ਸੰਸਾਰਾਕਾਰ ਦ੍ਰਿਸ਼ਟ-ਬ੍ਰਿਤੀ ਹੋਈ ਹੀ ਨਹੀਂ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਉਕਤ ਮੁਸੱਵਰ ਨੇ ਗੁਰੂ ਨਾਨਕ ਸਾਹਿਬ ਦੀ ਉਸ ਸ਼ਬੀਹ ਨੂੰ ਸਾਂਗੋ ਪਾਂਗ ਉਤਾਰ ਕੇ ਬੜਾ ਹੀ ਉਪਕਾਰ ਕੀਤਾ ਹੈ, ਖਾਸ ਕਰ ਸੀਸ ਦੇ ਦਮਾਲੜ ਕੇਸਾ ਤੇ ਦਾੜ੍ਹੇ ਦਾ ਇੰਨ ਬਿੰਨ ਸਾਬਤ ਸੂਰਤ ਦ੍ਰਿਸ਼ ਦਿਖਾਈ ਕੇ ਨਿਹਾਲੋ ਨਿਹਾਲ ਕਰ ਦਿਤਾ ਹੈ। ਐਸੀ ਨਾਭੇ ਰਿਆਸਤ ਵਿਚ ਐਸ ਮੁਸੱਵਰ ਹਥੀਂ ਤਸਵੀਰ ਉਤਾਰਣ ਵਾਲੇ ਦੇਖੇ ਹਨ ਜੋ ਇਕੋ



www.AKJ.Org

ਦ੍ਰਿਸ਼ਟੀ ਨਾਲ ਪੂਰਾ ਪੂਰਾ ਚੇਹਰਾ ਨੁਹਾਰ ਐਸਾ ਉਤਾਰਦੇ ਹਨ ਕਿ ਫੋਟੋ ਗਰਾਫਰ ਤੋਂ ਕਦੇ ਉਤਰ ਹੀ ਨਹੀਂ ਸਕਦਾ । ਉਸ ਅਸਲੀ ਤਸਵੀਰ ਦਾ ਇਹ ਬਲਾਕ ਹੀ ਬਣਕੇ ਬਾਹਰ ਆਇਆ ਹੋਇਆ ਹੈ--ਫੋਟੋਗ-ਰਾਫਰ ਬਲਾਕ ਵਿਚ ਵੀ ਇਸ ਦਾ ਨਜ਼ਾਰਾ ਐਸਾ ਸੁੰਦਰ ਹੈ ਅਜ ਤਾਈਂ ਜੋ ਕਿਸੇ ਫੋਟੋਗਰਾਫ ਅੰਦਰ ਪੇਖਣ ਪਰਖਣ ਵਿਚ ਨਹੀਂ ਆਇਆ । ਬਸ 'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਣ' ਵਾਲੇ ਗੁਰਵਾਕ ਦੇ ਭਾਵ ਵਾਲੀ ਸੋਭ ਇੰਨ ਬਿੰਨ ਪ੍ਰਗਟ ਪਹਾਰੇ ਜਾਪਦੀ ਹੈ । ਖਾਸ ਕਰ ਇਝ ਬਲਾਕ ਅੰਦਰ ਦਾੜ੍ਹੇ ਕੇਸਾਂ ਦਾ ਨਜ਼ਾਰਾ ਐਸਾ ਕੁਦਰਤੀ ਹੈ ਕਿ ਦੇਖਣ ਵਾਲੇ ਨੂੰ ਕਦੇ ਸੰਦੇਹ ਨਹੀਂ ਹੋ ਸਕਦਾ ਕਿ ਇਹ ਬਣਾਉਟੀ ਦ੍ਰਿਸ਼ ਹੈ ।

੪.

# ਭੇਖੀ ਸਿਖ ਤੇ ਸੱਚੀ ਦਾੜ੍ਹੀ ਵਾਲੇ ਸਿਖ

ਇਹ ਵੀ ਕੋਈ ਗਰੰਟੀ ਨਹੀਂ ਕਿ ਲੰਮੀਆਂ ਦਾੜ੍ਹੀਆਂ ਰਖਣ ਵਾਲੇ ਆਪਣੇ ਸਵਾਰਥ ਹਿਤ ਕੂਫਰ ਕਰਮ ਨਹੀਂ ਕਮਾਉਂਦੇ । ਗੁਰੂ ਦਸਮੇਸ਼ ਜੀ ਨੂੰ ਜਦੋਂ ਪਤਾ ਲਗਿਆ ਕਿ ਮਸੰਦ ਲੰਮੀਆਂ ਦਾੜ੍ਹੀਆਂ ਵਾਲਿਆਂ ਨੇ ਕੂਫਰ ਕਰਤੂਤਾਂ ਪੁਜ ਕੇ ਕਪਟ ਭਰੀਆਂ ਕੀਤੀਆਂ ਹਨ ਅਤੇ ਲੰਮੀਆਂ ਦਾਹੜੀਆਂ ਰਖ ਕੇ ਬੜਾ ਹੀ ਅਨਰਥ ਕਮਾਉਂਦੇ ਹਨ ਤਾਂ ਓਹਨਾਂ ਭੇਖੀ ਕਪਟੀ ਲੰਮੀਆਂ ਦਾੜ੍ਹੀਆਂ ਵਾਲਿਆਂ ਮਸੰਦਾਂ ਨੂੰ ਓਹ ਸਜ਼ਾਵਾਂ ਦਿਤੀਆਂ ਜਿਸ ਤੋਂ ਕਿ ਸਾਰਾ ਜ਼ਮਾਨਾ ਜਾਣੂ ਹੈ । ਗੁਰਮਤਿ ਅੰਦਰਿ ਲਿਹਾਜ਼ ਕਿਸੇ ਦਾ ਨਹੀਂ ਕੀਤਾ ਜਾਂਦਾ । ਮੁਖ ਧਰਮ ਤਾਂ ਗੁਰਮਤਿ ਅੰਦਰਿ ਹਿਰਦਾ ਸ਼ੁਧ ਰਖਨ ਦਾ ਹੈ । ਪਰੰਤੂ ਪੂਰਾ ਸਿਖ ਸੋਈ ਹੈ ਜੋ ਗੁਰੂ ਸਾਹਿਬਾਨ ਦੇ ਸਮਗਰ ਅਸੂਲਾਂ ਉਤੇ ਅਮਲ ਪੂਰਾ ਪੂਰਾ ਕਰਦਾ ਹੈ । ਕਪਟੀ ਹਿਰਦੇ ਵਾਲੇ ਸਿਖਾਂ ਦੇ ਕਰਮ ਕੁਕਰਮ ਕਦੇ ਭੀ ਨੇਪਰੇ ਨਹੀਂ ਚੜਦੇ । ਜਿਨ੍ਹਾਂ ਦੇ ਮਨ ਅੰਦਰਿ ਕੁਛ ਹੋਰ ਹੁੰਦਾ ਹੈ, ਮੁਖ ਵਿਖੇ ਕੁਛ ਹੋਰ, ਉਪਰੋਂ ਉਪਰੋਂ ਚਾਹੇ ਕਿਤਨਾ ਹੀ ਆਪਣੇ ਆਪ ਨੂੰ ਮੋਮਨ ਬਣਾ ਕੇ ਦਿਖਾਉਂਦੇ ਹਨ, ਓਹ ਕਚ -ਘਰੜ ਕਰਮੀ ਸਿਖ ਹੀ ਅਖਾਉਂਦੇ ਹਨ । ਯਥਾ ਗੁਰਵਾਕ :-

"ਜਿਨ ਮਨਿ ਹੋਰ ਮੁਖਿ ਹੋਰ ਸੇ ਕਾਂਢੇ ਕਚਿਆ ॥"

ਅਜਹੇ ਕਚੜੇ ਕਪਟੀ ਫਰੇਬੀ ਪੁਰਖ ਨਾਲੋਂ ਤੁਟਣੀ ਭਲੀ ਹੈ । ਜੋ ਗੁਰੂ ਕੇ ਲਾਲ ਗੁਰੂ ਨੂੰ ਰੀਝਾਵਣ ਖਾਤਰ ਹਿਤੋਂ ਚਿਤੋਂ ਸਤਿਗੁਰੂ ਦਾ ਹਰੇਕ ਹੁਕਮ ਸਤਿ ਸਤਿ ਮੰਨ ਕੇ ਕਮਾਂਵਦੇ ਹਨ, ਉਹ ਸਦਾ ਹੀ ਲੋਕ ਪਰਲੋਕ ਵਿਖੇ ਸੁਹੇਲੇ ਹਨ । ਜੋ ਕੋਈ ਸਿਖ ਸਦਾਉਣ ਵਾਲਾ ਪੁਰਸ਼ ਕੇਵਲ ਆਪਣੇ ਸੁਆਰਥ ਲਈ



www.AKJ.Org

ਕਪਟ ਕਰਮੀ ਬਣਦਾ ਹੈ, ਓਹ ਨਾ ਸਿਰਫ ਆਪਣੇ ਪੈਰ ਨੂੰ ਆਪ ਕੁਹਾੜਾ ਮਾਰਦਾ ਹੈ, ਬਲਕਿ ਉਸ ਦਾ ਪਾਜ ਓੜਕ ਨੂੰ ਉਘੜ ਜਾਂਦਾ ਹੈ । ਗੁਰੂ ਅੰਤਰਜਾਮੀ ਨੂੰ ਤਾਂ ਉਹ ਕਦੇ ਭੀ ਧੋਖਾ ਨਹੀਂ ਦੇ ਸਕਦਾ।ਜੋ ਕਪਟ ਕੁਚਾਲੀ ਪੁਰਸ਼ ਸਤਿਗੁਰੂ ਅੰਤਰਜਾਮੀਨੂੰ ਧੋਖਾ ਦੇਣੋਂ ਬਾਜ਼ ਨਹੀਂ ਆਂਵਦਾ ਓਸਦਾ ਕੋਈ ਭੀ ਕਰਮਸਿਰੇ ਨਹੀ ਚੜਦਾ ਕਪਟ ਕੁਚਾਲੀ ਭੇਖਧਾਰੀ ਸਿਖ ਲੋਕਾਂ ਨੂੰ ਤਾਂ ਧੋਖਾ ਦੇ ਸਕਦੇ ਹਨ ਪਰ ਅੰਤਰਜਾਨੀ ਨੂੰ ਕੋਈ ਫਰੇਬੀ ਧੋਖਾ ਨਹੀਂ ਦੇ ਸਕਦਾ । ਸਤਿਗੁਰੂ ਦੇ ਦਰਬਾਰ ਅੰਦਰਿ ਸਚੋ ਸਚ ਨਿਬੜਦਾ ਹੈ । ਜਦੋਂ ਸਤਿਗੁਰੂ ਦਸਮੇਸ਼ ਜੀ ਨੂੰ ਯਕੀਨ ਹੋ ਗਿਆ ਕਿ ਇਹ ਕੂਰਰ ਕਰਤੂਤੀਏ ਮਸੰਦ ਭੇਖ ਦਿਖਾਇਕੈ ਕੁਫਰ ਕਮਾਉਂਦੇ ਹਨ, ਤਾਂ ਸਤਿਗੁਰੂ ਨੇ ਤਿਨ੍ਹਾਂ ਕੁਫਰ ਕਰਤੂਤੀਆਂ ਦੀ ਕਪਟ ਚਾਲ ਨੂੰ ਭੀ ਉਘੇੜ ਦਿਤਾ ਅਤੇ ਐਸਾ ਉਘੇੜਿਆ ਕਿ ਮੁੜ ਕਿਸੇ ਨੂੰ ਜੁਰਅਤ ਨਹੀਂ ਪਈ ਕਿ ਅਜਹਾ ਕੁਫਰ ਕੁਕਰਮ ਕਰ ਸਕੇ । ਜਿਨ੍ਹਾਂ ਕਪਟੀਆਂ ਕੁਫਰ ਕਰਤੂਤੀਆਂ ਨੇ ਲੰਮੇ ਦਾੜ੍ਹੇ ਰਖੇ ਹੋਏ ਸਨ ਪਰ ਅੰਦਰੋਂ ਘੋਰ ਕੁਫਰ ਕੁਕਰਮ ਕਮਾਉਂਦੇ ਸਨ, ਓਹਨਾਂ ਮਸੰਦਾਂ ਨੂੰ ਤੇਲ ਵਿਚ ਜੀਉਂਦੇ ਜੀ ਸਾੜਨ ਲਈ ਇਹ ਹੁਕਮ ਨਾਮੇ ਥਾਉਂ ਥਾਈਂ ਭਜ ਦਿਤੇ ਕਿ ਇਹਨਾਂ ਕੁਫਰ ਕਰਤੂਤੀਆਂ ਲਮੀਆਂ ਦਾੜ੍ਹੀਆਂ ਵਾਲੇ ਮਸੰਦਾਂ ਨੂੰ ਦਾੜ੍ਹੀਉਂ ਫੜ ਕੇ ਹਜ਼ੂਰੀ ਵਿਚ ਲਿਆਂਦਾ ਜਾਵੇ । ਤਾਂ ਸ੍ਰੀ ਗੁਰੂ ਕਲਗੀਧਰ ਜੀ ਦੇ ਖਾਸ ਮਖਸੂਸੀ ਸਿੰਘ ਜਿਨ੍ਹਾਂ ਨੂੰ ਮਸੰਦਾਂ ਦੇ ਫੜਨ ਲਈ ਭੇਜਿਆ ਸੀ ਕੇਵਲ ਦੁਰਗੰਧਤ ਕੁਕਰਮੀ ਮਸੰਦਾਂ ਨੂੰ ਹੀ ਦਾੜ੍ਹਿਓਂ ਫੜ ਕੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਆਂਦਾ ਇਹਨਾਂ ਲੰਮ ਦਾੜ੍ਹੀਏ ਕੁਫਰ ਕੁਕਰਮੀ ਮਸੰਦਾਂ ਦੀ ਦੁਰਗੰਧ ਸਾਰ ਹੀ ਇਲਾਕਿਆਂ ਵਿਚ ਅਜੇਹੀ ਫੈਲੀ ਹੋਈ ਸੀ ਕਿ ਬਦਕਿਰਦਾਰ ਕੁਕਰਮੀ ਮਸੰਦ ਭੀ ਆਪਣੀ ਬਦਬੂ ਪਰਾਇਣ ਹੀ ਦੁਰਗੰਦੀ ਤੋਂ ਮਜਬੂਰ ਹੋ ਕੇ ਆਪਣੇ ਆਪ ਹੀ ਦਾੜ੍ਹਿਓਂ ਫੜਨ ਆਏ ਮੇਵੜੇ ਸਿੰਘਾਂ ਦੇ ਸਪੁਰਦ ਹੋ ਗਏ । ਗੁਰੂ ਸਾਹਿਬ ਦੀ ਹਜ਼ੂਰੀ ਵਿਚ ਜਾ ਕੇ ਭੀ ਉਹ ਆਪਣੀ ਅਜ਼ਬ ਕੁਕਰਮੀ ਤੋਂ ਮੁਨਕਰ ਨਾ ਹੋ ਸਕੇ । ਪਰੰਤੂ ਅਜੇਹੇ ਭੀ ਸਚੀਆਂ ਦਾੜ੍ਹੀਆਂ ਦੀ ਪੈਜ ਰਖਣ ਵਾਲੇ ਗੁਰੂ ਕੇ ਲਾਲ ਮਸੰਦ ਲੋਕ ਭਾਈ ਫੇਰੂ ਸਾਰਖੇ ਮੌਜੂਦ ਸਨ ਜਿਨ੍ਹਾਂ ਦੇ ਸਚੇ ਕਰਮ ਸੁਕਰਮਾਂ ਦੀ ਸੁਗੰਧੀ ਸਾਰੇ ਇਲਾਕੇ ਵਿਚ ਚੰਦਨ ਵਤ ਫੈਲੀ ਹੋਈ ਸੀ । ਗੁਰੂ ਕੇ ਪਠਾਏ ਮਸੰਦਾ ਨੂੰ ਦਾੜ੍ਹਿਉ ਫੜਨ ਆਏ ਮੇਵੜੇ ਸਿੱਖਾਂ ਦੀ ਹਿੱਮਤ ਹੀ ਨ ਪਈ ਕਿ ਭਾਈ ਫ਼ੇਰੂ ਜੀ ਸਾਰਖੇ ਸਚੀਆਂ ਦਾਹੜੀਆਂ ਵਾਲੇ ਮਸੰਦਾਂ ਨੂੰ ਦਾੜ੍ਹਿਉਂ ਫੜ ਸਕਣ । ਉਨ੍ਹਾਂ ਦੀ ਹਿਆਉ ਹੀ ਨਾ ਪਿਆ ਕਿ ਅਜੇਹੇ ਸੁਕ੍ਰਿਤ ਕੁਕਰਮੀ ਮਸੰਦਾਂ ਨੂੰ ਦਾੜ੍ਹਿਉਂ ਫੜ ਸਕਣ । ਕੇਵਲ ਏਤਨਾਂ ਹੀ ਹੁਕਮ ਸੁਣਾਇਆ ਕਿ ਗੁਰੂ ਦਸਮੇਸ਼ ਜੀ ਨੇ ਹਜ਼ੂਰੀ ਵਿਚ ਬਲਾਇਆ ਹੈ । ਗੁਰੂ ਕੇ ਲਾਲ ਭਾਈ ਫ਼ੇਰੂ ਜੀ ਆਪਣੀ ਕਸ਼ਵ ਸੁਕਰਨੀ ਵਾਲੀ ਅੰਤਰਯਾਮਤਾ ਦੁਆਰਾ ਜੋ ਉਹਨਾਂ ਨੂੰ ਸੁਤੇ ਸਿਧ ਹੀ ਪ੍ਰਾਪਤ ਸੀ-ਇਉਂ ਸਨਿੰਮਰ ਬੇਨਤੀ ਕਰਨ ਲਗੇ ਕਿ ਮੈਨੂੰ ਦਾੜ੍ਹਿਓਂ ਫੜ ਕੇ ਗੁਰੂ ਕੀ ਹਜ਼ੂਰੀ ਵਿਚ ਲੈ ਚਲੋ, ਜੈਸਾ ਕਿ ਗੁਰੂ ਸਾਹਿਬ ਦਾ ਹੁਕਮ ਹੈ । ਪਰੰਤੂ ਭਾਈ ਫੇਰੂ ਜੀ ਨੂੰ ਲੈਣ ਆਏ ਖਾਸ ਮਖਸੂਸੀ ਮੇਵੜੇ ਸਿੰਘਾਂ ਦਾ ਉਕਾ ਹੀ ਹਿਆਉਂ ਨ ਪਿਆ ਕਿ ਭਾਈ ਫੇਰੂ



www.AKJ.Org

ਜੀ ਨੂੰ ਦਾੜ੍ਹੀਓਂ ਫੜ ਸਕਣ । ਭਾਈ ਫ਼ੇਰੂ ਜੀ ਧੰਨ ਭਾਈ ਫੇਰੂ ਜੀ ! ਆਪਣੀ ਦਾਹੜੀ ਆਪਣੇ ਹਥ ਵਿਚ ਫੜ ਕੇ ਹੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆ ਹਾਜ਼ਰ ਹੋਏ ਅਤੇ ਇਸ ਦਸ਼ਾ ਵਿਚ ਹੀ ਗੁਰੂ ਦਸਮੇਸ਼ ਜੀ ਦੀ ਚਰਨੀ ਜਾ ਢਠੇ । ਅਗੋਂ ਕਸ਼ਫ ਕਰ ਮਾਤ ਦੇ ਕਮਾਲ ਸਾਹਿਬ ਗੁਰੂ ਕਲਗੀਧਰ ਜੋ ਮਹਾਰਾਜ ਆਪਨੀ ਅੰਤਰਯਾਮਤਾ ਦੁਆਰਾ ਅੰਤਰਗਤੀ ਦਸ਼ਾ ਨੂੰ ਖੂਬ ਜਾਚ ਅਤੇ ਅਤੀ ਦ੍ਰਵਭੂਤ ਹੋ ਕੇ ਇਸ ਬਿਧ ਫੁਰਮਾਉਣ ਲਗੇ ਕਿ ਭਾਈ ਫੇਰੂ ਜੀ ਸਚ ਮੁਚ ਸਚੀ ਸੁਚੀ ਦਾੜ੍ਹੀ ਵਾਲੇ ਆਮਲ-ਬਾ-ਅਮਲ ਗੁਰਸਿਖ ਹਨ ਅਤੇ ਬਿਲਕੁਲ ਨਿਰਦੋਸ਼ ਹਨ । ਚਰਨੀ ਢਠੇ ਪਏ ਭਾਈ ਫੇਰੂ ਜੀ ਨੂੰ ਆਪਣੇ ਕਰ ਕਮਲਾਂ ਦੁਆਰਾ ਉਠਾ ਕੇ ਸਾਵਧਾਨ ਕੀਤਾ ਅਤੇ ਪਰਮ ਦਿਆਲ ਅਤੇ ਨਿਹਾਲ ਹੋ ਕੇ ਭਾਈ ਫੇਰੂ ਸਚੀ ਦਾਹੜੀ" ਦਾ ਖਿਤਾਬ ਦਿਤਾ । ਨਾ ਸਿਰਫ ਖਿਤਾਬ ਹੀ ਦਿਤਾ ਬਲਕਿ ਸਚੀ ਸੁਚੀ ਦਾਹੜੀ ਵਾਲੇ ਫੇਰੂ ਜੀ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਭਾਈ ਫੇਰੂ ਸਿੰਘ ਉਨ੍ਹਾਂ ਦਾ ਨਾਮ ਰਖਿਆ । ਬਾਰੰਬਾਰ ਧੰਨ ਧੰਨ ਪੁਕਾਰਿਆ ਅਤੇ ਇਹ ਅਸੀਸ ਦਿਤੀ ਕਿ ਧੰਨ ਭਾਈ ਫੇਰੂ ਸਿੰਘ ਜੀ ਜਿਨ੍ਹਾਂ ਨੇ ਸਚੀਆਂ ਸੁਚੀਆਂ ਗੁਰਮੁਖੀ ਬੀਬੀਆਂ ਦਾਹੜੀਆਂ ਦੀ ਪੈਜ ਰਖ ਲਈ ਹੈ । ਸੱਚੀਆਂ ਕੁਕਰਮ ਕਰਤੂਤਾਂ ਵਾਲੇ ਕਚ ਪਿਚੇ ਲੰਮ-ਦਾੜ੍ਹੀਏ ਮਸੰਦਾਂ ਨੂੰ ਉਨ੍ਹਾਂ ਦੇ ਭੇਖ ਕੁਕਰਮ ਦੀ ਸਜ਼ਾ ਕੇਵਲ ਇਬਰਤ ਵਜੋਂ ਦਿਤੀ ਗਈ ਕਿ ਅਗਾਂਹ ਨੂੰ ਗੁਰੂ ਕੀ ਰਹਿਤ ਰਹਿਣੀ ਰਖਣ ਵਾਲਾ ਕੋਈ ਭੀ ਗੁਰਮੁਖੀ ਦਾਹੜੇ ਵਾਲਾ ਸਿੰਘ ਦੁਰਮਤਿ ਕਰਮ ਨਾ ਕਮਾ ਸਕੇ । ਤਾਂ ਤੇ ਗੁਰੂ ਘਰ ਅੰਦਰਿ ਇਸ ਗਲ ਦਾ ਹਰਗਿਜ ਲਿਹਾਜ਼ ਨਹੀਂ ਕੀਤਾ ਜਾ ਸਕਦਾ ਕਿ ਕੇਵਲ ਲੋਕਾਂ ਨੂੰ ਭੇਖ ਦਿਖਾਵਣ ਲਈ ਅਤੇ ਕਪਟ, ਕੁਕਰਮ ਕਮਾਵਣ ਲਈ ਲੰਮੇ ਦਾਹੜੇ ਰਖੇ ਪਰਵਾਨ ਹਨ, ਪਰਵਾਨ ਤਾਂ ਸੋਈ ਸੁਚੱਜੇ ਹੀ ਕਰਨੀ ਵਾਲੇ ਗੁਰਮੁਖਿ ਜਨ ਹਨ, ਜੋ 'ਭਾਈ ਫੇਰੂ ਸਿੰਘ ਜੀ' ਨਿਆਈਂ ਸੁਚੀਆਂ ਸਚੀਆਂ ਦਾੜ੍ਹੀਆਂ ਰਖ ਕੇ ਸਚੇ ਆਮਲ ਬਾ ਅਮਲ ਬਣਦੇ ਹਨ ।

## ਲਿਖਾਰੀਆਂ ਲਈ ਜਰੂਰੀ ਬੇਨਤੀ

ਲਿਖਾਰੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰਬਾਣੀ ਬਿਲਕੁਲ ਠੀਕ ਲਿਖ ਕੇ ਭੇਜਣ । ਏਹ ਬਹੁਤ ਜਰੂਰੀ ਹੈ । ਨਹੀਂ ਤਾਂ ਅਦਬ ਨਹੀਂ । ਬਾਣੀ ਗੁਰੂ ਰੂਪ ਹੈ । ਜਬਾਨੀ ਲਿਖਣ ਦੀ ਬਜਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਤੋਂ ਉਤਾਰਾ ਕੀਤਾ ਜਾਵੇ ।

ਐਡੀਟਰ



www.AKJ.Org

# ਭਗਤ ਸਿੰਘ ਨਾਲ ਮੁਲਾਕਾਤ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਓੜਕ ਇਕ ਦਿਨ ਆ ਗਿਆ* ਕਿ ਆਥਣ ਦੇ ਛੇ ਬਜੇ ਦੇ ਕਰੀਬ ਮੇਰੀ ਰਿਹਾਈ ਦੇ ਸ਼ਾਦੀਅ ਨੇ ਜੇਲ੍ਹ ਵਿਚ ਵਜ ਗਏ, ਅਸੀਂ ਕੋਠੀ ਵਿਚ ਅੰਦਰ ਬੈਠੇ ਅਨੰਦ ਮਾਣ ਰਹੇ ਸਾਂ। ਕੀ ਦੇਖਦੇ ਹਾਂ ਕਿ ਕਈ ਦੇਸ ਭਗਤ ਵੀਰ ਵਾਹੋ ਦਾਹ ਭਜੇ ਚਲੇ ਆ ਰਹੇ ਹਨ. ਸਭ ਤੋਂ ਪਹਿਲੋਂ ਅਤੇ ਮੂਹਰੇ ਆ ਕੇ ਵੀਰ ਗਜਨ ਸਿੰਘ (ਮਾਸਟਰ) ਨੇ ਆਣ ਵਧਾਈਆਂ ਸੁਣਾਈਆ ਤੇ ਕਹਿਣ ਲਗਾ— ਭਾਈ ਸਾਹਿਬ ਤੁਹਾਡੀ ਰਿਹਾਈ ਦਾ ਪਰਵਾਨਾ ਆ ਗਿਆ, ਚਲੋ, ਉਠੋ ਤਿਆਰ ਹੋ ਜਾਓ, ਇਕ ਆਨ ਵਿਚ ਸਾਰੇ ਦੇਸ਼ ਭਗਤ ਭਰਾ ਮੇਰੇ ਗਿਰਦ ਆਣ ਇਕੱਠੇ ਹੋਏ, ਪਰਵਾਨਾ ਪੜ੍ਹ ਪੜ੍ਹ ਮੈਨੂੰ ਸੁਣਾਉਣ ਅਤੇ ਗਦ ਗਦ ਹੋ ਜਾਣ, ਦਾਸ ਨੂੰ ਏਤਨੀ ਰਿਹਾਈ ਦੀ ਖੁਸ਼ੀ ਨਾ ਆਵੇ ਜਿਤਨਾ ਕਿ ਵੀਰ ਕਰਤਾਰ ਸਿੰਘ ਸਾਰਖੇ ਸਹੋਦਰ ਵੀਰਾਂ ਦਾਂ ਵਿਜੋਗ ਵਿਛੋੜਾ ਹਿਰਦੇ ਨੂੰ ਬਿਹਬਲ ਕਰ ਕਰ ਜਾਵੇ। ਮੈਂ ਤਾਂ ਏਹਨਾਂ ਦੁਚਿੱਤੀਆਂ ਦੁਰਖੀਆਂ ਵਿਚ ਫਾਥਾ ਸੁੰਨ ਮਸੁੰਨ ਹੁੰਦਾ ਜਾਵਾਂ ਅਤੇ ਵੀਰ ਜਨ ਮੇਰੇ ਦੁਆਲੇ ਹੋ ਕੇ ਮੇਰੀ ਵਿਦਾਇਗੀ ਦੀਆਂ ਪ੍ਰੇਮ ਮਿਲਉਣੀਆਂ ਆ ਮਿਲੀਵਣ। ਜੇਲ੍ਹ ਦੂਤ ਜੇਲ੍ਹੋਂ ਬਾਹਰ ਨਿਕਾਲਣ ਲਈ ਅਤੇ ਰਿਹਾਈ ਦੀ ਆਇਸ ਵਿਚ ਲੈ ਜਾਣ ਲਈ ਤਹੂ ਹੋਏ ਖੜਤੇ ਅਤੇ ਮੇਰਾ ਪੈਰ ਪੁਟਣ ਨੂੰ ਜੀ ਨਾ ਕਰੇ, ਜੀਉ ਤਾਂ ਪਿਆਰਿਆਂ ਦੇ ਪਿਆਰ ਵਿਜੋਗ ਅਹਿਸਾਸ ਵਿਚ ਪਖੜਿਆ ਪਿਆ, ਓੜਕ ਮੈਨੂੰ ਲੈ ਦੇ ਕੇ ਸਭਸ ਨੇ ਰਿਹਾ ਹੋ ਜਾਣ ਲਈ ਤਿਆਰ ਕਰ ਹੀ ਦਿਤਾ। ਪਿਆਰਿਆਂ ਨਾਲ ਨਦੀਆਂ ਵਾਹ ਵਿਛੁੰਨੀਆਂ ਵਾਲੇ ਵਿਜੋਗ ਦੀਆਂ ਗਲਜਫੜੀਆਂ ਪਾ ਪਾ ਕੇ ਸਜਲ ਨੇਤ੍ਰਾਂ ਨੂੰ ਲੈ ਕੇ ਵਿਦਾ ਹੋਇਆ। ਜੇਲ੍ਹ ਸੈਂਟਰ ਦੇ ਬੁਰਜ ਦੇ ਬਰਾਬਰ ਪੁਜੇ ਤਾਂ ਅਗਾਹਾਂ ਹਸੂੰ ਹਸੂੰ ਕਰਦਾ ਦਰੋਗਾ ਮਿਲੀਆ, ਜੋ ਕਿ ਮੇਰੇ ਵਲ ਅਗੋਂ ਹੀ ਆ ਰਿਹਾ ਸੀ। ਮੈਨੂੰ ਦੇਖਣ ਸਾਰ ਰਿਹਾਈ ਦੀਆਂ ਵਧਾਈਆਂ ਦਿਤੀਆਂ, ਮੈਂ ਵਧਾਈਆਂ ਤਾਂ ਸੁਣੀਆਂ ਅਣ-ਸੁਣੀਆਂ ਹੀ ਕਰ ਦਿਤੀਆਂ ਅਤੇ ਉਸ ਨੂੰ ਆਖਿਆ ਕਿ ਹੁਣ ਤੁਹਾਡੇ ਬਚਨ ਦੇ ਪੂਰਾ ਕਰਨ ਦਾ ਵੇਲਾ ਭੀ ਆ ਗਿਆ ਹੈ, ਸੋ ਮੌਕਾ ਸਭਾਲੋ। ਹੱਸ ਕੇ ਕਹਿਣ ਲਗਾ ਕਿ ਭਗਤ ਸਿੰਘ ਦੀ ਮੁਲਾਕਾਤ ਵਾਲਾ, ਮੈਂ ਅਗੇ ਹੀ ਸਭ ਬੰਦੋਬਸਤ ਕਰ ਲਿਆ ਹੈ ? ਦੋ ਘੰਟੇ ਦੀ ਖੁਲ੍ਹੀ ਮੁਲਾਕਾਤ ਕਰੋ, ਮੈਂ ਆਖਿਆ ਮੰਨਜ਼ੂਰੀ ਲੈ ਲਈ ਹੈ ? ਕੀ ਸੁਪ੍ਰੰਟੰਡੈਂਟ ਸਾਹਿਬ ਤੋਂ ਪੁਛ ਲਿਆ ਹੈ ?



www.AKJ.Org

ਦਰੋਗਾ-ਉਸ ਤੋਂ ਮੈਂ ਕੀ ਪੁਛਣਾ ਸੀ, ਸਗੋਂ ਸੁਪ੍ਰੰਟੈਂਡੈਂਟ ਆਪ ਮੈਨੂੰ ਪੁਛਣ ਦੀ ਪਰੇਸ਼ਾਨੀ ਵਿਚ ਹੈਰਾਨ ਹੋਇਆ ਫਿਰਦਾ ਸੀ। ਜਦੋਂ ਤੁਹਾਡੀ ਰਿਹਾਈ ਆਈ ਤਾਂ ਸੁਪ੍ਰੰਟੈਂਡੈਂਟ ਨੇ ਆਪ ਮੈਨੂੰ ਬੁਲਾਇਆ ਅਤੇ ਫਿਕਰਮੰਦ ਹੋ ਕੇ ਪੁਛਿਆ ਕਿ ਕੋਈ ਬਿਧ ਬਣਾਉ ਕਿ ਰਿਹਾਈ ਚੁਪ ਚੁਪਾਤੇ ਹੋ ਜਾਏ। ਬਾਹਰ ਰਿਹਾਈ ਦੇ ਉਡੀਕਵਾਨਾਂ ਦੀਆਂ ਪਿਕਟਾਂ ਲਗੀਆਂ ਰਹਿੰਦੀਆਂ ਹਨ। ਜੇਲ੍ਹੋਂ ਨਿਕਲਦੇ ਹੀ ਕਣਸੋ ਫਿਰ ਗਈ, ਤਾਂ ਜਲੂਸਾਂ ਦੇ ਘਮਸਾਣ ਝੱਲੇ ਨਹੀਂ ਜਾਣੇ, ਬੜੀ ਬਦਨਾਮੀ ਹੋਵੇਗੀ। ਜੇਲ੍ਹ ਕਰਮਚਾਰੀਆਂ ਨੂੰ ਭੀ ਗਵਰਨਮੈਂਟ ਦੀ ਹਦਾਇਤ ਹੈ ਕਿ ਬੇਖਬਰੀ ਅਤੇ ਚੁਪ-ਚੁਪ ਤੀ ਰਿਹਾਈ ਹੋਵੇ। ਤੁਸੀਂ ਕਈਆਂ ਦਿਨਾਂ ਦੇ ਦੇਖ ਰਹੇ ਹੋ ਕਿ ਕਿਵੇਂ ਬਾਹਰ ਰਿਹਾਈ ਕਣਸਊਆਂ ਦੀਆਂ ਸਾਰਾ ਸਾਰਾ ਦਿਨ ਪਿਕਟਾਂ ਲਗੀਆਂ ਰਹਿੰਦੀਆਂ ਹਨ। ਦਿਨ ਛਿਪੇ ਤਾਈਂ ਜੇਲ੍ਹ ਦਾ ਬੂਹਾ ਮੱਲੀ ਰਖਦੇ ਹਨ। ਸੋ ਐਸੀ ਬਿਉਂਤ ਬਣਾਉ ਕਿ ਬੇਖਬਰੇ ਹੀ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਸੁਖ ਸਹਿਜ ਸੇਤੀ ਕੱਢ ਦੇਈਏ ਅਤੇ ਸਾਡੇ ਨਾਮ ਤੇ ਕੋਈ ਹਰਫ ਨਾ ਆਏ। ਮੈਨੂੰ ਓਦੋਂ ਹੀ ਸੁਝ ਪਈ ਅਤੇ ਸੋਹਣੀ ਸੁਝੀ ਕਿ ਮੈਂ ਤਾਬੜ ਤੋੜ ਹੀ ਵੇਲੇ ਨੂੰ ਸੰਭਾਲ ਕੇ ਉਤਾਰ ਦਿਤਾ ਕਿ ਸਾਹਿਬ ਆਪ ਫਿਕਰਮੰਦ ਨਾ ਹੋਵ। ਮੈਂ ਆਪ ਨੂੰ ਸੋਹਣੀ ਤਜਵੀਜ਼ ਸੁਝਾਉਂਦਾ ਹਾਂ, ਪਸੰਦ ਆਵੇ ਤਾਂ ਹੁਕਮ ਦਿਓ। ਆਪ ਨੂੰ ਯਾਦ ਹੋਵੇਗਾ ਜਿਸ ਦਿਨ ਰਣਧੀਰ ਸਿੰਘ ਇਸ ਜੇਲ੍ਹ ਵਿਚ ਆਇਆ ਸੀ, ਉਸ ਦਿਨ ਹੀ ਭਗਤ ਸਿੰਘ ਫਾਸੀ ਵਾਲੇ ਨੇ ਆਪ ਦੇ ਪਾਸ ਉਸ ਨੂੰ ਮਿਲਣ ਲਈ ਦਰਖਾਸਤ ਕੀਤੀ ਸੀ, ਪਰ ਆਪ ਨੇ ਮੰਨਜ਼ੂਰ ਨਹੀਂ ਕੀਤਾ ਸੀ। ਮੇਰੇ ਖਿਆਲ ਵਿਚ ਜੇ ਹੁਣ ਅਸੀਂ ਮੁਲਾਕਾਤ ਦੀ ਇਜਾਜ਼ਤ ਦੇ ਦੇਈਏ ਤਾਂ ਦੋ ਘੰਟੇ ਏਵੇਂ ਹੀ ਗੁਜ਼ਰ ਜਾਣਗੇ ਅਤੇ ਏਤਨੇ ਨੂੰ ਖਾਸਾ ਅੰਧੇਰਾ ਹੋ ਜਾਏਗਾ, ਅੱਠ ਬਜੇ ਦੇ ਕਰੀਬ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਟੋਰ ਦਿਆਂਗੇ, ਕਿਸੇ ਤਾਈਂ ਰਿਹਾਈ ਦਾ ਮੁਸ਼ਕ ਤਕ ਨਹੀਂ ਨਿਕਲੇਗਾ। ਸੁਪ੍ਰੰਟੈਂਡੈਂਟ ਸਾਹਿਬ ਨੂੰ ਮੇਰੀ ਇਹ ਤਜਵੀਜ਼ ਬੜੀ ਪਸੰਦ ਆਇਆ ਅਤੇ ਬੜੀ ਖੁਸ਼ੀ ਨਾਲ ਇਜਾਜ਼ਤ ਦੇ ਦਿਤੀ ਕਿ ਭਗਤ ਸਿੰਘ ਨਾਲ ਇਸ ਦੀ ਮੁਲਾਕਾਤ ਕਰਾਓ। ਸੋ ਤੁਸੀਂ ਹੁਣ ਜਾਉ ਭਗਤ ਸਿੰਘ ਨਾਲ ਖੁਲ੍ਹੀ ਮੁਲਾਕਾਤ ਕਰੋ। ਮੈਂ ਤੁਹਾਡੇ ਨਾਲ ਇਕ ਕੈਦੀ ਵਾਰਡਰ ਤੋਰ ਦਿੰਦਾ ਹਾਂ ਜੋ ਤੁਸਾਨੂੰ ਉਸ ਪਾਸ ਲੈ ਜਾਏਗਾ।

ਇਹ ਕਹਿ ਕੇ ਦਰੋਗੇ ਨੇ ਇਕ ਕੈਦੀ ਵਾਰਡਰ ਮੇਰੇ ਨਾਲ ਕਰ ਦਿਤਾ ਅਤੇ ਉਸ ਨੂੰ ਹੁਕਮ ਦੇ ਦਿਤਾ ਕਿ ਭਗਤ ਸਿੰਘ ਨਾਲ ਇਸ ਦੀ ਖੁਲ੍ਹੀ ਮੁਲਾਕਾਤ ਕਰਾਉ। ਭਗਤ ਸਿੰਘ ਦਾ ਉਸ ਵਲੇ ਟਹਿਲਣ ਦਾ ਵਕਤ ਸੀ। ਉਸ ਨੂੰ ਸ਼ਾਇਦ ਪਹਿਲਾਂ ਹੀ ਮੁਲਾਕਾਤ ਦੀ ਮੰਨਜ਼ੂਰੀ ਸੁਣਾ ਦਿਤੀ ਹੋਈ ਸੀ। ਮੈਨੂੰ ਦੂਰੋਂ ਦੇਖ ਕੇ ਹੀ ਮੇਰੇ ਵਲ ਭਜਿਆ ਆਇਆ। ਮੈਂ ਹਾਤੇ ਦੇ ਜੰਗਲੇ ਦੇ ਬਾਹਰ ਖਲੋਤਾ ਰਿਹਾ। ਉਸ ਨੇ ਅੰਦਰ ਵਾਰ ਐਨ ਮੇਰੇ ਕੋਲ ਆ ਕੇ ਬੜੇ ਹੀ ਪਿਆਰ ਸਤਿਕਾਰ ਨਾਲ ਮੈਨੂੰ ਨਮਸਕਾਰ ਕੀਤੀ ਅਤੇ ਝੁਕ ਝੁਕ ਕੇ ਜੋਹਾਰ ਕੀਤਾ। ਮੈਂ ਵੀ ਦੋਇ ਕਰ ਜੋੜ ਫਤਹ ਬੁਲਾਈ। ਕੈਦੀ ਵਾਰਡਰ ਸਾਨੂੰ ਕੋਲ ਕੋਲ ਕਰਕੇ ਲਾਂਭੇ ਹੋ ਗਿਆ। ਅੰਦਰਲੇ ਹਾਤੇ ਵਲੋਂ ਭੀ ਕੋਈ ਸਿਪਾਹੀ ਜਾਂ ਵਾਰਡਰ ਸਾਡੇ ਨੇੜੇ ਨ ਆਇਆ। ਅਸੀਂ ਦੋਇ ਪੂਰੇ ਏਕਾਂਤ ਵਿਚ ਪ੍ਰਸਪਰ ਆਹਮੋ ਸਾਹਮਣੀ ਹੋਏ ਖਲੋਤੇ ਹਾਂ। ਭਗਤ ਸਿੰਘ ਬਿਰਹੇ-ਮਿਲਾਪ ਦੀ ਕਰਣਾ ਕਿਰਤੱਗਨੀ ਖੁਸ਼ੀ ਵਿਚ ਉਛਲ ਕੇ ਜ਼ਾਰੋ ਕਤਾਰ ਹੰਝੂ ਬਹਾ ਰਿਹਾ ਹੈ। ਅਣਡਿਠੀਆਂ ਹੀ ਏਤਨੇ ਪਿਆਰ ਸਤਿਕਾਰ ਦੀ ਬਿਹਬਲਤਾ ਵਿਹਲੀ ਵਾਂਝੀ ਹੀ ਡਿਠੀ ਸੁਣੀ ਹੈ। ਜਾਣੋ ਮੁਦਤਾਂ ਦਾ ਹੀ ਜਾਣੂ ਪਛਾਣੂ ਹੈ। ਗਦ ਗਦ ਹੋ ਕੇ ਕਹਿਣ ਲਗਾ :— ਅਜ ਮੇਰੀਆਂ ਖੁਸ਼ੀਆਂ ਦੀ ਹੱਦ ਕੋਈ ਨਹੀਂ ਰਹੀ, ਮੇਰੇ ਦਿਲ ਵਿਚ ਏਹ ਤਾਂਘ ਦਿਨ ਰਾਤ ਰਹਿੰਦੀ ਸੀ ਕਿ ਕਿਵੇਂ ਅਤੇ ਕਦੋਂ ਆਪ ਦੇ ਦਰਸ਼ਨ ਨਸੀਬ



www.AKJ.Org

ਹੋਣ. ਸੋ ਅਜ ਏਹ ਭਾਗਾਂ ਭਰੀ ਘੜੀ ਹੈ ਕਿ ਮੇਰੀਆਂ ਆਸਾਂ ਪੂਰੀਆਂ ਹੋਈਆਂ । ਮੈਂ ਆਪ ਦਾ ਜੀਵਨ ਅਤੇ ਆਪ ਦੀਆਂ ਜੇਲ੍ਹ ਕਰੜਾਇਆਂ ਦੀਆਂ ਘਾਲਾਂ ਸੁਣ ਸੁਣ ਕੇ ਹੀ ਆਪ ਦਾ ਪਰੇਮ-ਸ਼ੈਦਾਈ ਹੋ ਗਿਆ ਸੀ । ੧੯੧੪-੧੫ ਵਾਲੀਆਂ ਦੀ ਦੇਸ਼ ਭਗਤੀ ਦੀ ਸਚੀ ਸੁਚੀ ਨਜ਼ੀਰ ਨੇ ਮੇਰੇ ਵਰਗੇ ਨਾਚੀਜ਼ ਪੁਰਸ਼ਾਂ ਨੂੰ ਕੌਮ ਭਗਤੀ ਦੀ ਹੁੱਬ ਲਈ ਉਭਾਰਿਆ ਹੈ । ਜੋ ਜੋ ਘਾਲਾਂ ਆਪ ਸਜਣਾਂ ਨੇ ਘਾਲੀਆਂ ਹਨ. ਉਸ ਦੇ ਮੁਕਾਬਲੇ ਵਿਚ ਮੈਂ ਜਿਹਾਂ ਦੀਆਂ ਕਰਨੀਆਂ ਤਾਂ ਐਵੇਂ ਤੁਛ ਮਾਤਰ ਹੀ ਹਨ. ਮੇਰੇ ਹਿਰਦੇ ਉਤੇ ਆਪ ਦੇ ਜੀਵਨ ਦਾ ਅਸਰ ਖਾਸ ਖਸੂਸੀਅਤ ਨਾਲ ਅਸਰ ਪਜ਼ੀਰ ਹੋਇਆ ਹੈ । ਆਪ ਨੂੰ ਸ਼ਾਇਦ ਮੁਨਸ਼ੀ ਮੰਨਾ ਸਿੰਘ ਨੇ ਦਸਿਆ ਹੀ ਹੋਣਾ ਹੈ ਕਿ ਕਿਸ ਇਸ਼ਤਿਆਕ ਨਾਲ ਮੈਂ ਮਹੀਨਿਆਂ ਬੱਧੀ ਆਪ ਨੂੰ ਯਾਦ ਕਰਦਾ ਰਿਹਾ ਹਾਂ । ਮੈਂ ਸਾਫ ਕਹਾਂਗਾ ਕਿ ਮੇਰੀ ਖਿੱਚ ਨੇ ਹੀ ਇਸ ਜੇਲ੍ਹ ਵਿਚ ਮੁੜ ਸੋਲਾਂ ਸਾਲਾਂ ਪਿਛੋਂ ਲੇ ਆਂਦਾ ਹੈ । ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸ਼ ਭੇਜਿਆ ਸੀ ਉਸ ਸੰਦੇਸ਼ ਦੇ ਉੱਤਰ ਵਿਚ ਜੋ ਆਪ ਦਾ ਹੁਕਮ ਨਾਮਾ ਕੇਸ ਦਾੜ੍ਹੀ ਰੱਖਨ ਦਾ ਪੁਜਾ ਸੀ. ਸੋ ਦਾਸ ਹਿਤੋਂ ਚਿਤੋਂ ਕਮਾਉਣ ਨੂੰ ਤਿਆਰ ਹੈ । ਆਪ ਦੇ ਅਗੇ ਬੜਾ ਸ਼ਰਮਸਾਰ ਭੀ ਹਾਂ ਅਤੇ ਨਿਝੱਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਛ ਕੇਸ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜਬੂਰਨ ਕਰ ਬੈਠਾਂ ਹਾਂ । ਸੇਵਾ ਉਪਕਾਰ ਹਿਤ ਮੈਨੂੰ ਮੇਰੇ ਸਾਥੀਆਂ ਨੇ ਮਜਬੂਰ ਕੀਤਾ ਸੀ ਕਿ ਇਸ ਵਡ-ਰੂਪੀ ਦਾ ਵੇਸ ਪਲਟਿਆ ਜਾਏ ਅਤੇ ਸੰਨਿਆਸੀ ਸਾਧੂ ਵਾਲਾ ਸੁਆਂਗ ਧਾਰਿਆ ਜਾਏ । ਸੋ ਮੈਂ ਇਸ ਕੁਸੰਗ ਦੇ ਅਧੀਨ ਹੋ ਕੇ ਏਹ ਬੇ-ਅਦਬੀ ਕਰ ਬੈਠਾ ਹਾਂ. ਹੁਣ ਜਿਵੇਂ ਆਪ ਦਾ ਹੁਕਮ ਹੋਵੇ ।

ਮੈਂ ਭਗਤ ਸਿੰਘ ਦੀ ਇਹ ਅਧੀਨਗੀ ਅਤੇ ਸ਼ਰਮਸਾਰੀ ਵੇਖ ਕੇ ਬੜਾ ਹੀ ਖੁਸ਼ ਹੋਇਆ ਅਤੇ ਉਸ ਦੀ ਸਾਫ ਗੋਈ ਦੀ ਖੂਬੀ ਜਾਂਚ ਕੇ ਭੀ ਬੜਾ ਮੁਅੱਸਰ ਹੋਇਆ. ਤਦ ਭੀ ਮੈਂ ਹੇਠ ਲਿਖੀਆਂ ਗਲਾ ਉਸ ਨੂੰ ਕਹੇ ਬਾਝੋਂ ਨਾ ਰਹਿ ਸਕਿਆ-

ਵੀਰ ਭਗਤ ਸਿੰਘ ਜੀ । ਆਪ ਦੇ ਪਿਆਰ ਤੋਂ ਮੈਂ ਬਲਿਹਾਰ ਹਾਂ ਅਤੇ ਆਪ ਦੀ ਦੇਸ਼ ਭਗਤੀ ਵਾਲੀ ਉਪਕਾਰ ਸਪਿਰਟ ਤੋਂ ਭੀ ਬਲ ਕ ਜਾਦਾਂ ਹਾਂ. ਪਰ ਵੀਰ ਜੀ । ਉਪਕਾਰ ਕਮਾਵਣ ਲਈ ਤੁ ਸਾਡੇ ਸਲਾਹ ਕਾਰਾਂ ਨੇ ਤੁਹਾਨੂੰ ਅੱਛੀ ਸਲਾਹ ਨਹੀਂ ਦਿਤੀ, ਤੁਸੀਂ ਤਨਕ ਮਾਤਰ ਤੁਣਕਾ ਹੀ ਭਾਲਦੇ ਸੀ. ਬੜੀ ਛੇਤੀ ਉਹਨਾ ਦੀ ਇਸ ਕੁਢਗੀ ਸਲਾਹ ਦੇ ਅਧੀਨ ਹੋ ਗਏ । ਇਹ ਜਮਾਨਾ ਜਿਸ ਸਮੇਂ ਕਿ ਤੁਸੀਂ ਉਠ ਹੋ ਬੜੀ ਜਾਗ੍ਰਤ ਦਾ ਹੈ । ਸਾਰਾ ਦੇਸ਼ ਹੀ ਜਾਗ ਰਿਹਾ ਹੈ । ਇਸ ਵੇਲੇ ਤਾਂ ਆਪ ਨਿੰਸਗ ਆਪਣੇ ਸਿਖੀ ਵੇਸ ਵਿਚ ਹੀ ਜੇ ਚਾਹੋ ਸੋ ਉਪਕਾਰ ਕਮਾ ਸਕਦੇ ਸੀ । ਆਪ ਨੂੰ ਪਤਾ ਹੀ ਹੈ ਕਿ ਸਾਡੇ ਜ਼ਮਾਨੇ ਵਿਚ ੧੯੧੪-੧੫ ਵਲੇ ਸਮੇਂ ਸਾਰੇ ਹਿੰਦੁਸਤਾਨ ਵਿਚ ਵਿਰਲੀਆਂ ਵਾਂਜੀਆਂ ਰੂਹਾਂ ਹੀ ਜਾਗੀਆਂ ਸਨ । ਖਾਸ ਕਰ ਕੇ ਪੰਜਾਬ ਵਿਚ ਤਾਂ ਗਿਣਤੀ ਦੇ ਉਂਗਲਾਂ ਤੇ ਗਿਣਨ ਜੋਗੇ ਸਿੱਖ ਹੀ ਸਨ, ਜਿਨ੍ਹਾਂ ਨੇ ਕਿ ਦੇਸ਼ ਭਗਤੀ ਦਾ ਬੀੜਾ ਚੁਕਿਆ ਅਤੇ ਉਸ ਵੇਲੇ ਬਾਹਰ ਦੇਸਾਂ ਕੈਨੇਡਾ ਅਮਰੀਕਾ ਤੋਂ ਆਏ ਦੇਸ਼ ਭਗਤਾਂ ਦਾ ਪੰਜਾਬ ਵਿਚ ਬੱਚਾ



www.AKJ.Org

੨ ਮੁਖਾਲਿਫ ਬਣਿਆ ਫਿਰਦਾ ਸੀ। ਮੈਂ ਆਪ ਨੂੰ ਵੰਨਗੀ ਮਾਤਰ ਉਸ ਵਕਤ ਦੇ ਆਪਣੇ ਦੇਸ਼ ਭਗਤ ਭਰਾਵਾਂ ਦੀ ਇਕੋ ਮਿਸਾਲ ਹੀ ਪੇਸ਼ ਕਰਦਾ ਹਾਂ। *ਭਾਈ ਨਿਧਾਨ ਸਿੰਘ ਜੀ ਚੁਘੇ ਵਾਲੇ ਇਕ ਬੜੇ ਉਘੇ ਦੇਸ਼ ਭਗਤ ਹਨ. ਏਹ ਬਾਹਰੋਂ ਟਾਪੂਆਂ ਵਿਚੋਂ ਸੈਂਕੜੇ ਹੀ ਰੂਹਾਂ ਨੂੰ ਦੇਸ਼ ਕੁਰਬਾਨੀ ਹਿਤ ਪਰੇਰ ਕੇ ਲਿਆਏ ਅਤੇ ਹਜ਼ਾਰਾਂ ਰੁਪੈ ਆਪਣੇ ਪਲਿਉਂ ਖਰਚ ਕਰ ਕੇ ਨਛਾਵਰ ਕਰ ਦਿਤੇ। ਫੇਰ ਕੋਈ ਗੁਝੇ ਛਿਪੇ ਨਹੀਂ

*ਭਾਈ ਨਿਧਾਨ ਸਿੰਘ ਪਿੰਡ ਚੁੱਘਾ, ਤਸੀਲ ਮੋਗਾ, (ਫੀਰੋਜ਼ਪੁਰ) ਪਹਿਲੇ ਮੁਕੱਦਮਾ ਸਾਜਸ਼ ਲਾਹੌਰ ਵਿਚ ੧੩ ਦਸੰਬਰ ੧੯੧੫ ਨੂੰ ਸਜ਼ਾਯਾਬ ਹੋਏ। ਫੇਰ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਗਈ। ੧੯੩੦ ਵਿਚ ਰਿਹਾ ਹੋਏ ਤ੍ਰੀਕ ੬ ਦਸੰਬਰ ੧੯੩੬ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ ਮੋਗੇ ਵਿਚ ਚਲਾਣਾ ਕਰ ਗਏ )

ਆਏ, ਜਹਾਜ਼ਾਂ ਵਿਚ ਪ੍ਰਗਟ ਤੌਰ ਪਰ ਆਏ। ਪਰ ਹਿੰਦੁਸਤਾਨ ਵਿਚ ਆਉਂਦਿਆਂ ਹੀ ਉਹਨਾਂ ਨੂੰ ਫਾਹੁਣ ਦਾ ਜਾਲ ਵਿਛ ਗਿਆ, ਪਰ ਉਹ ਤੇ ਉਸ ਦੇ ਕਈ ਦਰਜਨ ਦੇਸ਼ ਭਗਤ ਸਾਥੀ ਸਹੀ ਸਲਾਮਤ ਹਿੰਦੁਸਤਾਨ ਵਿੱਚ ਪੁਜਣ ਵਿਚ ਕਾਮਯਾਬ ਹੋ ਗਏ। ਪਕੜ ਜਕੜ ਤੋਂ ਉਕੇ ਹੀ ਅਛੋਹ ਰਹੇ। ਪੰਜਾਬ ਵਿਚ ਆ ਗੱਜੇ। ਜੋ ਜੋ ਕਾਰਨਾਮੇਂ ਇਹਨਾਂ ਨੇ ਪੰਜਾਬ ਆ ਕੇ ਕਰ ਦਿਖਾਏ ਆਪ ਉਹਨਾਂ ਤੇ ਭਲੀ ਪਰਕਾਰ ਵਾਕਿਫ ਹੀ ਹੋ ਉਹਨਾਂ ਦੇ ਵਾਰੰਟ ਨਿਕਲੇ ਹੋਏ ਸਨ। ਹੁਲੀਏ ਛਪੇ ਹੋਏ ਸਨ। ਉਹਨਾਂ ਦੀ ਗ੍ਰਿਫਤਾਰੀ ਦੇ ਇਨਾਮ ਮੁਸ਼ਤਿਹਰ ਹੋ ਚੁਕੇ ਸਨ। ਸਾਰੇ ਜ਼ਮਾਨੇ ਦੀ ਹਵਾ ਉਨ੍ਹਾਂ ਦੇ ਉਲਟ ਸੀ, ਚਾਰ ਚੁਫੇਰ ਉਹਨਾ ਦੀ ਪਕੜ ਧਕੜ ਦੀ ਦੌੜ ਭਜ ਹੋ ਰਹੀ ਸੀ। ਉਸ ਦੌੜ ਭੱਜ ਵਿਚ ਉਹ ਨਿਰਭੈ ਨਿਧੜਕ ਫਿਰਦੇ ਰਹੇ। ਉਨ੍ਹੀ ਦਿਨੀਂ ਦੇਸ਼ ਉਪਕਾਰ ਦੀ ਘਾਲਣਾ ਦਾ ਦਾਰੋਮਦਾਰ ਦੇਸ਼ ਭਗਤ ਤਬਕੇ ਵਿਚ ਬਹੁਤ ਸਾਰਾ ਭਾਈ ਨਿਧਾਨ ਸਿੰਘ ਜ਼ੀ ਦੀ ਹਸਤੀ ਉਪਰ ਹੀ ਮੁਨਹਸਰ ਸੀ। ਨਿਰਭੈਤਾ ਵਿਚ ਤਾਂ ਵੀਰ ਕਰਤਾਰ ਸਿੰਘ ਸਰਾਭਾ ਭੀ ਆਪਣੀ ਮਿਸਾਲ ਆਪ ਹੀ ਸੀ। ਉਸ ਦੇ ਦਿਲ ਵਿਚ ਇਕ ਦਿਨ ਏਹ ਖਿਆਲ ਆਇਆ ਅਤੇ ਕੁਸੰਗ ਦੇ ਅਸਰ ਕਰ ਕੇ ਆਇਆ ਕਿ ਕਿਤੇ ਭਾਈ ਨਿਧਾਨ ਸਿੰਘ ਅਜਾਈਂ ਫੜੇ ਹੀ ਨਾ ਜਾਣ, ਉਹਨਾਂ ਤੋਂ ਦੇਸ਼ ਭਗਤਾਂ ਨੇ ਕੰਮ ਬਹੁਤ ਲੈਣਾਂ ਹੈ ਸੋ ਉਹਣਾਂ ਨੂੰ ਚਿਰੰਕਾਲ ਕਾਮਯਾਬ ਰਖਣ ਲਈ ਰਾਜਨੀਤੀ ਭਾਸਣੀ ਕਮਜ਼ੋਰੀ ਦੇ ਪਰਾਇਣ ਹੋ ਕੇ ਵੀਰ ਕਰਤਾਰ ਸਿੰਘ ਨੇ ਭਾਈ ਨਿਧਾਨ ਸਿੰਘ ਨੂੰ ਏਹ ਸਲਾਹ ਦਿਤੀ ਕਿ ਆਪ ਆਪਣੇ ਦਾੜ੍ਹੇ ਨੂੰ ਵਸਮਾ ਲਗਾ ਲਉ ਤਾਂਕਿ ਹੁਲੀਏ ਦੇ ਨਿਸਾਨ ਗਲਤ ਹੋ ਜਾਣ ਅਤੇ ਕੋਈ ਪਛਾਣ ਨ ਸਕੇ। ਭਾਈ ਨਿਧਾਨ ਸਿੰਘ ਨੇ ਬੜੀ ਬੀਰਤਾ ਨਾਲ ਉੱਤਰ ਦਿਤਾ ਕਿ ਮੈਂ ਮੂੰਹ ਕਾਲਾ ਕਰ ਕੇ ਤੇ ਚਮਕਦੇ ਹੀਰਿਆਂ ਉਤੇ ਗੋਹੇ ਦਾ ਪਰੋਲਾ ਫੇਰ ਕੇ ਆਪਣੀ ਬੀਰਤਾ ਨੂੰ ਕਲੰਅਤ ਨਹੀਂ ਕਰਨਾ ਚਾਹੁੰਦਾ। ਮੈਥੋਂ ਜੋ ਕੁਛ ਕੰਮ ਲੈਣਾ ਹੈ ਏਸੇ ਵੇਸ ਵਿਚ ਲਵੋ ਅਤੇ ਮੇਰੇ ਅੰਦਰ ਕਾਇਰਤਾ ਮਤ ਪੈਦਾ ਕਰੋ। ਉਨ੍ਹਾਂ ਨੂੰ ਬਹੁਤ ਗਿਰਾਉਣਾ ਚਾਹਿਆ ਪਰ ਉਹ ਆਪਣੇ ਨਿਸਚੇ ਵਿਚ ਅਚੱਲ ਤੇ ਅੱਟਲ ਰਹੇ। ਇਸ ਸਜਣ ਨੇ ਤੀਹ ੨ ਚਾਲੀ ੨ ਕੋਹ ਦਾ ਪੰਧ ਇਕਸੈ ਦਿਹਾੜੀ'ਚ ਕੀਤਾ ਤੇ ਪੁਲੀਸ ਦੇ ਪਹਿਰਿਆਂ ਦੇ ਕੋਲ ਦੀ ਨਿਧੜਕ ਹੋ



www.AKJ.Org

ਕੇ ਲੰਘ ਜਾਂਦਾ ਰਿਹਾ ਤੇ ਕੰਮ ਏਤਨੇ ਭਾਰੀ ਭਾਰੀ ਵਿਸ਼ੇਸ਼ਤਾ ਵਾਲੇ ਕੀਤੇ ਜਿਸ ਦੇ ਮੁਕਾਬਲੇ ਤੁਹਾਡਾ ਚਿਤਵਿਆ ਕੰਮ ਪਾਸੰਗ ਮਾਤ੍ਰ ਸੀ ਪਰ ਉਨ੍ਹਾਂ ਨੇ ਚਿਟੇ ਦਾੜ੍ਹੇ ਨੂੰ ਕਾਲਾ ਕਰਨਾ ਭੀ ਮੰਨਜ਼ੂਰ ਨਹੀਂ ਕੀਤਾ ਸੀ। ਤੁਸਾਂ ਦਾੜ੍ਹਾ ਤੇ ਕੇਸ ਵੀ ਕਤਲ ਕਰਾ ਦਿਤੇ।

ਭਗਤ ਸਿੰਘ-ਦਰਅਸਲ ਸਾਂਡਰਸ ਦਾ ਕਾਤਲ ਮੈਂ ਨਹੀਂ। ਮੇਰੇ ਪਰ ਇਲਜ਼ਾਮ ਲਗ ਗਿਆ। ਮੈਂ ਜਾਤਾ ਕਿ ਮੌਕੇ ਨੂੰ ਹੱਥੋਂ ਕਿਉਂ ਗਵਾਵਾਂ ਤੇ ਸਾਰਾ ਇਲਜ਼ਾਮ ਆਪਣੇ ਉਪਰ ਲੈ ਲਿਆ। ਲਾਭ ਏਹ ਹੋਇਆ ਕਿ ਕਰੈਡਿਟ ਸਾਰਾ ਮੈਨੂੰ ਮਿਲ ਗਿਆ। ਉਂਞ ਭੀ ਮੈਨੂੰ ਬਚਨ ਦੀ ਕੋਈ ਆਸ ਨਹੀਂ ਸੀ।

ਮੈਂ-ਫੋਕੇ ਕਰੈਡਿਟ ਮਿਲਨ ਦੀ ਫੋਕੀ ਖੁਸ਼ੀ ਦਾ ਹਾਸਲ ਕਰਨਾ ਸੱਚੇ ਦੇਸ਼ ਭਗਤ ਦਾ ਆਦਰਸ਼ ਨਹੀਂ ਹੋਣਾ ਚਾਹੀਦਾ। ਦੁਨੀਆਂ ਦੀ ਚਾਰ ਦਿਨ ਦੀ ਵਾਹ ਵਾਹ ਦੀ ਖੁਮਾਰੀ ਵਿਚ ਆਪ ਨੂੰ ਆਪਣੇ ਸੱਚੇ ਆਦਰਸ਼ ਤੋਂ ਗਿਰਨ ਦਾ ਅਹਿਸਾਸ ਭੀ ਨਾ ਰਿਹਾ ਤੇ ਨਾ ਹੀ ਆਪਣੇ ਅਸਲ ਨਿਸ਼ਾਨੇ ਤੋਂ ਖੁੰਝਨ ਦਾ ਪਛੋਤਾਵਾ ਹੀ ਲਗਾ। ਇਕ ਅਖਬਾਰੀ ਵਡਿਆਈ ਦਾ ਛੁਣ-ਛੁਣਾ ਹੀ ਪੱਲੇ ਰਹਿ ਗਿਆ। ਗੁਰੂ ਦੀ ਮੇਹਰ ਸਾਬਤ ਸੂਰਤ ਐਵੇਂ ਭੰਗ ਦੇ ਭਾੜੇ ਹੀ ਝੂਠ ਬਫਣ ਬਫਾਓ ਦੇ ਲਾਲਚ ਵਿਚ ਗਵਾ ਲਈ। ਭਲਾ ਜੇ ਗਲਤੀ ਹੋ ਗਈ ਸੀ ਤਾਂ ਉਸ ਦੀ ਤਲਾਫੀ ਤਾਂ ਹੋਣੀ ਚਾਹੀਦੀ ਸੀ। ਫੇਰ ਮੁੜ ਕੇਸ ਰਖ ਲੈਣੇ ਸਨ। ਮੁੜ ਕੇ ਕਿਉਂ ਨਾ ਰੱਖੇ ?

ਭਗਤ ਸਿੰਘ.ਕੇਸ ਤਾਂ ਮੈਂ ਰਖ ਲੈਂਦਾ, ਪਰ ਐਸਾ ਕਰਨ ਵਿਚ ਮੈਨੂੰ ਆਪਣੇ ਸਾਥੀ ਦੱਤ (ਭਟ ਕੇਸ਼ੁਰ ਦੱਤ) ਦੀ ਹਮਦਰਦੀ ਤੇ ਸਾਥੀ ਪੁਣ ਵਾਲੀ ਅਪਣੱਤ ਪ੍ਰਾਪਤ ਨਾ ਹੁੰਦੀ। ਦੂਜੀ ਮੈਨੂੰ ਏਡੀ ਸ਼ੁਹਰਤ ਹਾਸਲ ਨਾ ਹੁੰਦੀ ਜਿਡੀ ਕਿ ਅੱਜ ਅਖਬਾਰੀ ਦੁਨੀਆਂ ਵਿਚ ਹੋ ਰਹੀ ਹੈ। ਮੈਂ ਸਚ ਕਹਿੰਦਾ ਹਾਂ ਕਿ ਮੇਰੀ ਕੁਰਬਾਨੀ ੧੯੧੪-੧੫ ਵਾਲੇ ਦੇਸ਼ ਭਗਤਾਂ ਦੀ ਕੁਰਬਾਨੀ ਦੇ ਮੁਕਾਬਲੇ ਐਵੇਂ ਤੁਛ ਮਾਤ੍ਰ ਹੈ ਪਰ ਏਨੀਆਂ ਕੁਰਬਾਨੀਆਂ ਕਰਨ ਪਰ ਭੀ ਏਨ੍ਹਾਂ ੧੯੧੪-੧੫ ਵਾਲਿਆਂ ਨੂੰ ਉਸ ਵਕਤ ਦੀ ਅਖਬਾਰੀ ਦੁਨੀਆਂ ਵਿਚ ਏਡਾ ਮਾਨ ਨ ਮਿਲਿਆ ਕਿਉਂਕਿ ਸਿਖ ਅਖਬਾਰਾਂ ਦੀ ਅੱਵਲ ਤਾਂ ਇਸ਼ਾਇਤ ਹੀ ਕੁਛ ਨਹੀਂ, ਜੇ ਹੈ ਤਾਂ ਉਹ ਉਸ ਸਮੇਂ ਆਪ ਸਜਣਾਂ ਦੀ ਕੁਰਬਾਨੀ ਬਾਰੇ ਪਬਲਿਕ ਵਿਚ ਕੁਛ ਰੌਸ਼ਨੀ ਨਾ ਪਾ ਸਕੇ ਕਿਉਂਕਿ ਉਨ੍ਹਾਂ ਦੀ ਡਰੂ ਪਾਲਿਸੀ ਉਨ੍ਹਾਂ ਨੂੰ ਦਬਕਾਈ ਰਖਦੀ ਸੀ। ਏਹ ਅਨਮਤੀ ਅਖਬਾਰਾਂ ਦੀ ਬਦੋਲਤ ਹੀ ਮੇਰੇ ਨਾਮ ਨੂੰ ਏਤਨੀ ਸ਼ੁਹਰਤ ਮਿਲੀ ਹੈ। ਮੈਂ ਸੱਚ ਕਹਿੰਦਾ ਹਾਂ ਕਿ ਜੇ ਮੈਂ ਸਿਖ ਸਮਝਿਆ ਜਾਂਦਾ ਤੇ ਮੇਰ ਸਿਰ ਮੂੰਹ ਉਤੇ ਕੇਸ ਦਾੜ੍ਹੇ ਵਾਲੀ ਸਿਖ ਹੋਣ ਦੀ ਨਿਸ਼ਾਨੀ ਹੁੰਦੀ ਤਾਂ ਏਹ ਅਨਮਤੀ ਅਖਬਾਰ ਮੇਰੀ ਸ਼ੋਭਾ ਵਡਿਆਈ ਵਿਚ ਇਕ ਲਫਜ਼ ਭੀ ਨ ਲਿਖਦੇ। ਜੈਸਾ ਕਿ ਆਪ ਸਾਹਿਬਾਨ ਦੀ ਬਾਬਤ ਏਨ੍ਹਾਂ ਕੁਛ ਨਹੀਂ ਲਿਖਿਆ। ਸਿਖ ਅਖਬਾਰਾਂ ਵਿਚ ਭੀ ਉਸ ਵਕਤ ਮਾੜਾ ਮਟਾ ਜੋ ਕੁਝ ਲਿਖਿਆ ਸੋ ਉਰਦੂ ਦੇ 'ਖਾਲਸਾ ਅਖਬਾਰ ਲਾਹੌਰ' ਨੇ ਹੀ ਲਿਖਿਆ। ਉਹ ਭੀ ਮਹਿਦੂਦ ਸ਼ਕਲ ਵਿਚ। ਮੈਨੂੰ ਏਹ ਪਤਾ ਸੀ ਕਿ ਹਿੰਦੂ ਅਖਬਾਰ ਸਿੱਖ ਦੇਸ਼ ਭਗਤਾਂ ਦੀ ਵਾਡਆਈ ਲਿਖਣੋਂ ਖੁਨਸ ਖਾਂਦੇ ਹਨ ਤੇ ਏਨ੍ਹਾਂ ਨੂੰ ਉਨ੍ਹਾਂ ਦੀ ਵਡਿਆਈ ਭਾਉਂਦੀ ਨਹੀਂ। ਜੇ ਮੈਂ ਭੀ ਕੇਸ



www.AKJ.Org

ਮੁੜ ਰਖ ਲੈਂਦਾ ਤਾਂ ਮੈਨੂੰ ਵਤਿਆਉਣਾ ਕਿਨ੍ਹ ਸੀ, ਛੁਟਿਆਉਂਦੇ ਹੀ, ਇਸ ਕਰ ਕੇ ਮੈਂ ਕੇਸ ਮੁੜ ਹੋਰ ਰੱਖਣੇ ਹੋਰ ਘੇਸਲ ਵੱਟ ਛੱਡੀ ।

ਮੈਂ--ਪਿਅ ਰੇ ਭਗਤ ਸਿਘ ਜੀ, ਆਪ ਦੀ ਦੇਸ਼ ਭਗਤੀ ਦਾ ਆਦਸ਼ ਪਿਆਰ ਬੜਾ ਹੀ ਨੀਵਾਂ ਤੇ ਹੋਛਾ ਹੈ । ਸ਼ੁਹਰਤ ਵਡਿਆਈ ਦੀ ਖਾਤਰ ਦੇਸ਼ ਭਗਤੀ ਦੀਆਂ ਉਪਕਾਰ ਕਮਾਈਆਂ ਦੇ ਅਡੰਬਰ ਰਚਣੇ ਬਿਰਥੇ ਤੇ ਅੰਵੇਂ ਤਿਫਲ ਛਛੋਹੀਆਂ ਬਾਦ ਬਫਾਈਆਂ ਹਨ । ੧੯੧੪—੧੫ ਵਾਲੇ ਦੇਸ ਭਗਤਾਂ ਜੋ ਕੁਝ ਕੀਤਾ, ਕਮਾਇਆ, ਕੇਵਲ ਦੇਸ਼ ਸੇਵਾ ਨੂੰ ਮੁਖ ਰਖ ਕੇ ਕੀਤਾ ਤੇ ਨਿਸ਼ਕਾਮ ਦੇਸ਼ ਭਗਤੀ ਕਮਾਈ । ਸ਼ੁਹਰਤ ਵਡਿਆਈ ਦਾ ਸੁਪਨ ਸਾਰਖਾ ਭੀ ਖਿਆਲ ਗੁਮਾਨ ਉਨ੍ਹਾਂ ਦੇ ਨੇੜੇ ਨਹੀਂ ਆਇਆ ਸੀ । ਸ਼ੁਹਰਤ ਦਾ ਪਿਆਰ ਦੇਸ ਭਗਤਾਂ ਦੀ ਦੇਸ਼ ਭਗਤੀ ਨੂੰ ਕਲੰਕਤ ਕਰਨਾ ਵਾਲਾ ਹੈ । ਕੁਸੰਗ ਦੇ ਫੇਰ ਵਿਚ ਆਪ ਨੂੰ ਹੋਛੇ ਖਿਆਲ ਮਾਣ, ਵਡਿਆਈਆਂ ਦੇ ਚਿੰਬੜੇ ਰਹੇ । ਅਖਬਾਰੀ ਮਾਣ, ਵਡਿਆਈਆਂ ਤੇ ਸ਼ੁਹਰਤਾਂ ਸਭ ਵਾਧੂ ਹੀ ਹਨ ਤੇ ਏਹਨਾਂ ਦੇ ਸੋਹਿਲੇ ਤੇ ਇਨ੍ਹਾਂ ਦੇ ਸੋਹਲਿਆਂ ਦੇ ਸੁਣਨ ਦੇ ਚਾਹਵਾਨਾਂ ਪਰ ਹੀ ਏਹ ਗੁਰਵਾਕ ਘਟਦਾ ਹੈ :--

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲ ਬੰਨੇ ਛਜ ॥

ਏਹ ਗੱਲਾਂ ਸੁਣ ਕੇ ਭਗਤ ਸਿੰਘ ਬੜਾ ਹੀ ਮੁਤੱਸਰ ਹੋਇਆ, ਤੇ ਕਹਿ ਉਠਿਆ ਕਿ ਸਚ ਮੁਚ ਗੁਰੂ ਘਰ ਦਾ ਤੇ ਗੁਰੂ ਕੇ ਸਿੱਖਾਂ ਦਾ ਆਦਰਸ਼ ਬੜਾ ਉੱਚਾ ਹੈ।ਆਮ ਦੁਨੀਆਂ ਫੋਕੀਆਂਵ ਡਿਆਈਆਂ ਦੇ ਵਹਿਨਾ ਵਿਚ ਹੀ ਰੁੜ੍ਹੀ ਪਈ ਹੈ । ਮੈਨੂੰ ਭੀ ਦੁਨੀ ਵਜਾਦੀ ਵਜਦੀ ਦੇ ਨਾਲ ਹੀ ਏਸ ਤਾੜ ਵੱਜਣਾ ਪੈ ਗਿਆ । ਪਰ ਅੱਜ ਪ੍ਰਤੀਤ ਹਇਆ ਕਿ ਇਹ ਸਭ ਹੈਂਕੜ ਬਾਜ਼ੀਆ ਦੇ ਨੁਮਾਇਸ਼ੀ ਮੁਜ਼ਾਹਰੇ ਹੀ ਹਨ । ਮਰੀ ਬੜੀ ਹੀ ਖੁਸ਼ ਕਿਸਮਤੀ ਹੁੰਦੀ ਜੇਕਰ ਆਪ ਜੇਸ ਸਜਣਾ ਦੀ ਸੰਗਤ ਦੋ ਚਾਰ ਮਹੀਨੇ ਰਹਿਦੀ । ਜ ਦੋ ਚਾਰ ਮਹੀਨੇ ਹੀ ਮੈਨੂੰ ਆਪ ਦੀ ਸੰਗਤ ਵਿਚ ਰਹਿਣ ਦਾ ਮੌਕਾ ਮਿਲਦਾ ਤਦ ਮੈਨੂੰ ਬਹੁਤ ਲਾਭ ਪਹੁੰਚਦਾ ਤੇ ਮੇਰਾ ਕੁਝ ਸੌਰ ਜਾਦਾਂ ਤੇ ਮਰੀਆ ਊਣਤਾਈਆ ਦੂਰ ਹੋ ਜਾਂਦੀਆਂ । ਹੁਣ ਮੈਨੂੰ ਹੁਕਮ ਕਰੋ । ਆਪ ਦਾ ਹੁਕਮ ਇਸ਼ਾਰਾ ਇਹ ਹੈ ਕਿ ਮੈਂ ਫਰ ਕੇਸਾਧਾਰੀ ਹੋ ਜਾਵਾਂ, ਸਚ ਮੁਚ ਮੈਂ ਬਹੁਤ ਬੁਰਾ ਕੀਤਾ ਜੋ ਮੈਂ ਆਪਣੇ ਖਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰਖਣ ਦੀ ਰਿਵਾਇਤ ਦੇ ਉਲਟ ਗੁਰੂ ਕੀ ਮੁਹਰ ਦੀ ਬੇਅਦਬੀ ਕੀਤੀ ਪਰ ਮੈਂ ਆਪ ਪਾਸੋਂ ਇਕ ਹੋਰ ਗਲ ਛੁਪਾਉਣੀ ਭੀ ਪਾਪ ਸਮਝਦਾ ਹਾਂ । ਉਹ ਇਹ ਕਿ ਚਾਹੇ ਸਾਡੇ ਖਾਨਦਾਨ ਵਿਚ ਪਿਤਾ ਪੁਰਖੀ ਕੇਸ ਰਖਣ ਦੀ ਰੀਤ ਚਲੀ ਆਈ ਹੈ ਤੇ ਮਰੇ ਉਸ ਖਾਨਦਾਨੀ ਰਵਾਇਤੀ ਰੀਤ ਕਰ ਕੇ ਹੀ ਕੇਸ ਰਖੇ ਹੋਏ ਸਨ । ਮੈਂ ਆਪਣੇ ਆਪ ਨੂੰ ਸਿਖ ਸਦਵਾਉਣਾ ਵੀ ਫਖਰ ਸਮ ਦਾ ਹਾਂ ਪਰ ਵਾਸਤਵ ਵਿਚ ਗਲ ਇਹ ਹੈ ਕਿ ਮੇਰਾ ਦਿਲ ਸਿਖ ਨਹੀਂ ਤੇ ਮੈਨੂੰ ਮਾਫ ਕਰੋਗੇ ਜੇ ਮੈਂ ਸਾਫ ਲਫ਼ਜ਼ਾਂ ਵਿਚ ਆਪਣੇ ਦਿਲ ਨੂੰ ਖੋਹਲ ਦੇਵਾਂ ਤੇ ਕਹਿ ਦੇਵਾਂ ਕਿ ਮੈਂ ਨਾਸਤਕ ਹਾਂ, ਰੱਬ ਨੂੰ ਨਹੀਂ ਮਨਦਾ ਤੇ ਮੇਰੀ ਸਾਰੀ ਮੰਡਲੀ ਭੀ ਏਸ ਗਲ ਨੂੰ



www.AKJ.Org

ਜਾਣਦੀ ਹੈ ਪਰ ਆਪ ਦਾ ਹੁਕਮ ਮੰਨਣ ਵਿਚ ਮੈਨੂੰ ਕੋਈ ਉਜ਼ਰ ਨਹੀਂ। ਆਪ ਹੁਕਮ ਦੇਉ ਤਾਂ ਮੈਂ ਕੇਸ ਰਖ ਲਵਾਂ ਕਾਸ਼। ਮੈਂ ਆਪ ਦੀ ਸੰਗਤ ਵਿਚ ਕੁਝ ਅਰਸਾ ਨੇੜੇ ਹੋ ਕੇ ਰਹਿੰਦਾ ਤਾਂ ਮੇਰੇ ਨਾਸਤਕ ਵਾਲੇ ਖਿਆਲ ਭੀ ਪਲਟ ਜਾਂਦੇ।

ਮੈਂ—ਮੈਂ ਬੜਾ ਖੁਸ਼ ਹੋਇਆ ਹਾਂ ਕਿ ਆਪ ਨੇ ਸਚੋ ਸਚ ਆਪਣੇ ਦਿਲ ਦੀ ਵਿਥਿਆ ਸੁਣਾ ਦਿਤੀ ਹੈ ਤੇ ਕੋਈ ਲੁਕੋ ਨਹੀਂ ਰਖਿਆ। ਨਾਸਕਤਾ ਵਾਲੀ ਦਸ਼ਾ ਵਿਚ ਹੁੰਦਿਆਂ ਆਪ ਤੋਂ ਕੇਸ ਰਖਾਉਣ ਦਾ ਰੰਚਕ ਲਾਭ ਨਹੀ ਨਾ ਹੀ ਸਾਨੂੰ ਕੋਈ ਫਖਰ ਹੈ। ਮੈਨੂੰ ਹੁਣ ਤੁਸਾਨੂੰ ਕੇਸ ਰਖਾਉਣ ਦਾ ਕੋਈ ਚਾਉ ਨਹੀਂ ਤੇ ਨਾ ਹੀ ਰਖਨ ਦਾ ਅਫਸੋਸ ਹੈ। ਅਰਮਾਨ ਹੈ ਤਾਂ ਇਹ ਕਿ ਤੁਸੀਂ ਆਸਤਕ ਨਿਸਚੇ ਵਿਚ ਹੁੰਦੇ ਹੋਏ ਲੇਖ ਲਗਦੇ। ਤੁਸੀਂ ਫਾਂਸੀ ਜ਼ਰੂਰ ਚੜ੍ਹਨਾ ਹੈ। ਫਾਂਸੀ ਚੜ੍ਹਨ ਤੋਂ ਪਹਿਲਾਂ ਜੇ ਤੁਹਾਡੀ ਨਾਸਕਤਾ ਦੂਰ ਹੋ ਜਾਂਦੀ ਤਾਂ ਬੜੀ ਹੀ ਚੰਗੀ ਗਲ ਹੁੰਦੀ। ਚਾਹੇ ਤੂੰ ਰੱਬ ਨੂੰ ਨਹੀਂ ਮੰਨਦਾ ਪਰ ਇਕ ਗਲ ਯਾਦ ਰਖ ਤੇ ਉਸ ਉਪਰ ਆਪਣਾ ਨਿਸਚਾ ਕਾਇਮ ਕਰ ਤੇ ਏਹ ਗਲ ਹਿਰਦੇ ਉਪਰ ਉੱਕਰ ਲੈ ਕਿ ਤੈਂ ਮਰਨਾ ਨਹੀਂ, ਮੁੜ ਕੇ ਫੇਰ ਅਉਣਾ ਹੈ, ਆਤਮਾ ਅਜਰ ਅਮਰ ਹੈ, ਏਸ ਨੇ ਮੁਕ ਨਹੀਂ ਜਾਣਾ, ਏਸ ਨੇ ਬਾਰ ਬਾਰ ਆਉਣਾ ਹੈ—.........ਬਸ ਤੂੰ ਏਹ ਗਲ ਪੱਥਰ ਤੇ ਲਕੀਰ ਸਮਝ ਕਿ ਤੈਂ ਮਰਨਾ ਮੁਕਣਾ ਨਹੀਂ, ਫੇਰ ਆਉਣਾ ਹੈ। ਮਾਨੁੱਖ ਜਾਮੇ ਵਿਚ ਆਉਣਾ ਹੈ। ਜ਼ਰਾ ਅੰਦਰ ਝਾਤੀ ਮਾਰ ਕਿ ਤੂੰ ਕੀ ਹੈ? ਆਤਮਾ ਹੈ ਕਿ ਮਿਰਤਕ ਮੜ੍ਹਾ ਸਰੀਰ, ਕੀ ਏਹ ਬੋਲਣਹਾਰ, ਸਮਝਣ ਸੋਚਣਹਾਰ, ਉਪਕਾਰ ਚਿਤਵਨ ਹਾਰ, ਉਚੀਆਂ ਕਰਨੀਆਂ ਲੋਚਨਹਾਰ ਜੋ ਕੁਛ ਤੂੰ ਹੈਂ ਏਹ ਤੇਰਾ ਹਡ ਚੰਮ ਮਾਸ ਰਕਤ ਦੇ ਮੜ੍ਹੇ ਸਰੀਰ ਨਾਲ ਹੀ ਮੁਕ ਠੁਕ ਜਾਏਗਾ? ਕਦੇ ਨਹੀਂ। ਤੈਂ ਨਹੀਂ ਹਾਲੇ ਮੁਕਣਾ, ਨਾ ਕਦੇ ਮਰਨਾ ਹੈ। ਏਹ ਉਪਰਲੇ ਬਚਨ ਐਸੇ ਵਜ਼ਦ ਅਤੇ ਚੜ੍ਹਦੀ ਕਲਾ ਦੇ ਰੰਗਾਂ ਵਿਚ ਉਚਰੇ ਗਏ (ਉਚਰਾਉਣਹਾਰੇ ਨੇ ਉਚਰਾਏ) ਕਿ ਭਗਤ ਸਿੰਘ ਏਹਨਾਂ ਬਚਨਾਂ ਨੂੰ ਸੁਣ ਕੇ ਕਈ ਮਿੰਟਾਂ ਤਾਈਂ ਦਮ ਬਖੁਦ ਰਿਹਾ। ਉਸ ਦੀ ਨੀਵੀਂ ਹੇਠ ਨੂੰ ਪੈ ਗਈ, ਬੇ ਹਿਸੋ ਹਰਕਤ ਜਿਹਾ ਹੋ ਗਿਆ। ਕਈ ਮਿੰਟ ਕੁਛ ਬੋਲਿਆ ਨਹੀਂ। ਮੈਂ ਹੱਥ ਨਾਲ ਹਲੂਣ ਕੇ ਸਾਵਧਾਨ ਕੀਤਾ ਤਾਂ ਕੀ ਵੇਖਦਾ ਹਾਂ ਕਿ ਉਸ ਦੇ ਚੇਹਰੇ ਉਤੇ ਹੋਰ ਅਨੋਖੀ ਆਭਾ ਆਈ ਹੋਈ ਹੈ, ਉਹ ਬੇ ਅਖਤਿਆਰ ਹੋ ਕੇ ਜੰਗਲੇ ਦੇ ਲਾਗ ਹੋ ਕੇ ਮੇਰੇ ਵਲ ਉਲਰਿਆ ਅਤੇ ਜੋ ਜੰਗਲੇ ਵਿਚ ਦੀ ਹੱਥ ਕੱਢ ਕੇ ਹੱਥ ਪਲਮਾਏ ਜਿਵੇਂ ਪੈਰਾਂ ਨੂੰ ਫੜੀਦਾ ਹੈ। ਮੈਂ ਉਸ ਦੇ ਹਥ ਫੜ ਲਏ ਤੇ ਕਿਹਾ ਕਿ ਚਰਨ ਕੇਵਲ ਗੁਰੂ ਦੇ ਹੀ ਪਰਸੀਦੇ ਹਨ। ਉਸ ਨੂੰ ਮੈਂ ਉਠਾਇਆ, ਉਠ ਕੇ ਜਦ ਉਹ ਸੰਭਲਿਆ ਤਾਂ ਉਸ ਨੇ ਇਸ ਬਿਧ ਸੰਭਾਖਨ ਕੀਤਾ :—"ਭਾਈ ਸਾਹਿਬ ਆਪ ਦੇ ਬਚਨਾਂ ਨੇ ਤਾਂ ਅਮੋਘ ਬਾਣਾ ਵਾਲਾ ਕੰਮ ਕੀਤਾ, ਮੇਰੇ ਕੁਫਰ ਦੇ ਕੜ ਤੋੜ ਦਿਤੇ। ਮੇਰੇ ਉਤੇ ਇਕ ਚੁੰਬਕ ਕਲਾ ਵਾਲਾ ਅਸਰ ਹੋਇਆ। ਮੈਨੂੰ ਇਹ ਮਨ ਬਚ ਕਰਮ ਕਰਕੇ ਨਿਸਚਿਤ ਹੋ ਗਿਆ ਕਿ ਮੈਂ ਮਰਨਾ ਨਹੀਂ। ਮੈਂ ਉਹ ਕੁਛ ਹਾਂ ਜਿਸ ਨੇ ਮੁਕ ਨਹੀਂ ਜਾਣਾ, ਫੌਤ ਨਹੀਂ ਹੋ ਜਾਣਾ। ਮੈਂ ਏਹ ਸਰੀਰ ਜਾਮਾ ਛੱਡ ਕੇ ਫੇਰ ਜ਼ਰੂਰ ਆਉਣਾ ਹੈ ਅਤੇ ਫੇਰ ਆਉਣ ਤਾਈਂ ਸਰੀਰ ਛਡ ਕੇ ਮੇਰੀ ਆਤਮਾ ਨੇ ਸਦ ਜੀਸਤੀ ਲਹਿਰਾਉ ਵਿਚ ਕਾਇਮ ਰਹਿਣਾ ਹੈ। ਮੈਨੂੰ ਹੁਣ ਫਾਂਸੀ ਲਗਣ ਵਿਚ ਸਰੂਰ ਹਾਸਲ ਹਵਗਾ। ਮੈਂ ਤਾਂ ਕੇਵਲ ਹਠ ਕਰ ਕੇ ਬਹਾਦਰ ਬਣਿਆ ਹੋਇਆ ਸੀ ਤੇ ਮੌਤ ਨੂੰ ਮਾਊਂ ਸਮਝਦਾ



www.AKJ.Org

ਸੀ ਪਰ ਅੰਤਰ ਗਤੀ ਮੈਨੂੰ ਏਹ ਹਾਵਾ ਲਗਾ ਹੋਇਆ ਸੀ ਕਿ ਮੈਂ ਮਰ ਕੇ ਕੁਛ ਨਹੀਂ ਰਹਿਣਾ। ਮੇਰੀਆਂ ਅੱਖੀਆਂ ਅਗੇ ਏਹ ਖਿਆਲ ਕਰਕੇ ਹਨੇਰਾ ਛਾ ਜਾਂਦਾ ਸੀ ਤੇ ਬੜੀਆਂ ਟੋਟਾਂ ਪੈਂਦੀਆਂ ਸਨ ਕਿ ਹਾਇ ਮੈਂ ਮਰ ਕੇ ਕੁਛ ਨਹੀਂ ਰਹਿਣਾ। ਆਪ ਦੇ ਬਚਨਾਂ ਨੇ ਮੇਰੀ ਅਚਰਜ ਕਾਇਆਂ ਪਲਟ ਦਿਤੀ ਹੈ। ਮੇਰਾ ਅੱਗਾ ਮੇਰੇ ਅੱਗੇ ਰੌਸ਼ਨ ਹੋ ਗਿਆ ਹੈ। ਨੇਸਤੀ ਨਾਬੂਦੀ ਦਾ ਖਲਾਅ, ਤੌਖਲਾ ਸਭ ਮਿਟ ਗਿਆ ਹੈ। ਮੇਰਾ ਹੌਸਲਾ ਵਧ ਗਿਆ। ਮੈਂ ਹੁਣ ਹੌਸਲੇ ਨਾਲ ਮਰਾਂਗਾ। ਮੈਨੂੰ ਆਪ ਦੇ ਜੀਵਨ ਦੀ ਜੀਵਨ ਬੂਟੀ ਦੀ ਅਕਸੀਰ ਦਾ ਅਮਲ ਚੜ ਗਿਆ ਹੈ। ਆਪ ਦੇ ਜੀਵਨ ਨੇ ਏਹ ਗਲ ਤਾਂ ਮੇਰੇ ਹਿਰਦੇ ਅੰਦਰ ਪਹਿਲਾਂ ਹੀ ਉਕਰ ਦਿਤੀ ਹੋਈ ਸੀ ਕਿ ਆਪ ਦੀ ਕਹਿਣੀ ਤੇ ਕਰਨੀ ਇਕ ਹੈ। ਆਪ ਦਾ ਜੀਵਣ ਭਰੋਸਾ ਮੇਰੇ ਉਤੇ ਏਹ ਅਕਸ ਲਿਆਇਆ ਹੈ ਕਿ ਆਪ ਸੋਈ ਗਲ ਮੂੰਹੋਂ ਬੋਲਦੇ ਕਹਿੰਦੇ ਹੋ ਜਿਸ ਗਲ ਦਾ ਕਿ ਅਪਣਾ ਪ੍ਰਤੱਖ ਤਜਰਬਾ ਕੀਤਾ ਹੋਇਆ ਹੁੰਦਾ ਹੈ ਜਿਸ ਨੂੰ ਕਿ ਆਪ ਨੇ ਪਰਤੱਖ ਪੇਖਿਆ ਹੁੰਦਾ ਹੈ। ਸੋ ਮੈਨੂੰ ਨਾ ਸਿਰਫ ਏਹ ਨਿਸਚਾ ਹੋ ਗਿਆ ਹੈ ਕਿ ਮੈਂ ਨਹੀਂ ਮਰਨਾ ਅਤੇ ਮੈਂ ਸਦਾ ਜੀਵਨਹਾਰੀ ਆਤਮਾ ਹਾਂ ਬਲਕਿ ਮੈਨੂੰ ਇਹ ਭੀ ਨਿਸਚਾ ਹੋ ਗਿਆ ਹੈ ਕਿ ਰੱਬ ਵੀ ਹੈ ਅਤੇ ਉਸ ਰੱਬ ਨੂੰ ਆਪ ਨੇ ਆਪਣੀ ਅੱਖੀਂ ਦਖਿਆ ਹੈ। ਸੋ ਆਪ ਨੂੰ ਇਸ ਤੋਂ ਅਧਿਕ ਸਚੀ ਖੁਸ਼ੀ ਨਹੀਂ ਹਵੇਗੀ ਕਿ ਅੱਜ ਤੋਂ ਆਪ ਦਾ ਪਿਆਰਾ ਭਗਤ ਸਿੰਘ ਆਤਮ ਜੀਵਨੀ ਆਸਤਕ ਭਗਤ ਸਿੰਘ ਹੈ ਅਤੇ ਆਸਤਕ ਨਿਸਚ ਨੂੰ ਨਿਸਚਤ ਕਰਦਾ ਹੋਇਆ ਹੀ ਜਾਨ ਦੇਵੇਗਾ ਅਤੇ ਹੁਣ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਜ ਤੋਂ ਆਪਣੀ ਦਾੜ੍ਹੀ ਕੇਸ ਕਦੇ ਨਹੀਂ ਕਟਾਵਾਂਗਾ ਅਤੇ ਸਿਖ ਨਿਸਚੇ ਵਿਚ ਆਤਮ ਐਜੀ ਚੜ੍ਹਾਈ ਕਰਾਂਗਾ। ਹਾਂ! ਸਿਖਾਂ ਦੇ ਬੋਲੇ ਵਾਲਾ ਏਹ ਚੜ੍ਹਾਈ ਕਰਨ ਵਾਲਾ ਕੇਸਾ ਸੁਦਰ ਅਤੇ ਪ੍ਰਤਿਪਾਦਕ ਹੈ? ਦੇਹ ਨੂੰ ਤਿਆਗ ਕੇ ਮੇਰੀ ਆਤਮਾ ਚੜ੍ਹਾਈ ਕਰੇਗੀ, ਉਪਰ ਅਕਾਸ਼ ਨੂੰ ਚੜ੍ਹ ਜਾਏਗੀ, ਮਰੇ ਮੁਕੇਗੀ ਨਹੀਂ। ਮੁੜ ਕੇ ਫੇਰ ਜਾਮਾ ਧਾਰੇਗੀ ਅਤੇ ਦੇਸ ਕੌਮ ਦੇ ਉੱਚ ਆਦਰਸ਼ਕ ਕੰਮ ਕਰਾਏਗੀ। ਆਪ ਦੀ ਮੁਲਾਕਾਤ ਦਾ ਸੱਚਾ ਸਿਟਾ ਬਹੁਤ ਹੀ ਖੂਬ ਨਿਕਲਿਆ। ਬਸ, ਏਤਨੀ ਬਾਤ ਚੀਤ ਸਮਾਪਤ ਹੋਣ ਪਰ ਅਤੇ ਤੱਦ ਅ ਦਰਸ਼ੀ ਸਿੱਟਾ ਮੁਲਾਕਾਤਾਂ ਦਾ ਨਿਕਲਣ ਪਰ ਅਸੀਂ ਪਰਸਪਰ ਆਖਰੀ ਫਤਹ ਬੁਲਾਈ ਅਤੇ ਵਿਗਸ ਵਿਗਸ ਕੇ ਵਿਛੁੜੇ। ਏਤਨੇ ਨੂੰ ਖਾਸਾ ਅਨ੍ਹੇਰਾ ਹੋ ਗਿਆ ਸੀ। ਮੈਨੂੰ ਰਿਹਾਈ ਵਾਲੇ ਦਫਤਰ ਵਿਚ ਲੈ ਗਏ ਜਿਥੋਂ ਉਨ੍ਹਾਂ ਮੈਨੂੰ ਬੇ-ਤੌਖਲਾ ਬਿਨਾਂ ਸ਼ਰਤ ਰਿਹਾ ਕਰਕੇ ਅਨ੍ਹੇਰੇ ਅਨ੍ਹੇਰੇ ਤੋਰ ਦਿਤਾ। ਦਾਸ ਲਾਹੌਰ ਸਟੇਸ਼ਨੋਂ ਗੱਡੀ ਚੜ੍ਹ ਕੇ ਰਾਤ ਨੂੰ ਹੀ ਸ੍ਰੀ ਅੰਮ੍ਰਿਤਸਰ ਜਾ ਪੁਜਾ। ਅਮ੍ਰਿਤਸਰ ਸਟੇਸ਼ਨੋਂ ਹੀ ਪਦਲ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨ ਯਾਤ੍ਰਾ ਲਈ ਪਿਆਨੇ ਕੀਤੇ। ਇਕ ਸਰਕਾਰੀ ਮੁਲਾਜ਼ਮ ਮੇਰੇ ਨਾਲ ਸੀ, ਜਿਸ ਨੇ ਅੜਦਲੀ ਵਾਂਗ ਬੜਾ ਹੀ ਕੰਮ ਦਿਤਾ। ਮੇਰਾ ਬਿਸਤਰਾ ਬੁਗਚਾ ਉਸ ਨੇ ਘਰ ਦੇ ਨੋਕਰਾਂ ਵਾਂਗੂ ਸਮ੍ਹਾਲਿਆ। ਘੰਟੇ ਘਰ ਜਾ ਪਹੁੰਚੇ, ਅੜਦਲੀ ਹੋਰੀਂ ਮੇਰਾ ਸਾਮਾਨ ਸੰਭਾਲ ਕੇ ਓਥ ਬੈਠ ਰਹੇ। ਦਾਸ ਨੇ ਇਕ ਵਜੇ ਦੇ ਕਰੀਬ ਸਰੋਵਰ ਵਿਚ ਜਾ ਚੁੱਭੇ ਲਾਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਖੂਬ ਏਕਾਂਤ ਅਭਿਆਸ ਹੋਇਆ। ਏਕਾਂਤ ਹੀ ਏਕਾਂਤ ਭਾਵੇ। ਅਭਿਆਸੋਂ ਸਾਵਧਾਨ ਹੋਣ ਪਰ ਜੀਉ ਕਰੇ ਕਿ ਪਿਆਰਿਆਂ ਨੂੰ ਜਾ ਮਿਲਾਂ ਪਰ ਚਿਤ ਵਿਚ ਇਹ ਇੱਛਾ ਪਰਬਲ ਸੀ ਕਿ ਯਾਤਰਾ ਗੁਪਤ ਹੀ ਰਹਿਣ ਦੇਣੀ ਹੈ। ਪਿਆਰਿਆਂ ਨੂੰ ਮਿਲੇ ਤਾਂ ਓਹਨਾਂ ਤੋਂ ਰਹਿਆ ਨਹੀਂ ਜਾਣਾ, ਅਣਵਸ ਹੀ ਉਨ੍ਹਾਂ ਤੋਂ ਢੋਲ



www.AKJ.Org

ਵਜ ਜਾਣਾ ਹੈ ਤੇ ਜਲੂਸ ਬਾਜ਼ੀਆਂ ਦੀ ਇਲਤ ਆ ਚਿਮੜਨੀ ਹੈ। ਕਈ ਵਾਰ ਮਲਵਈ ਬੁੰਗੇ ਵਲ ਨੂੰ ਖਿਚ ਖਿਚਾਉ ਹੋਇਅ ਕਿ ਗੁਪਤੋਂ ਗੁਪਤੀ ਵੀਰ ਨਾਹਰ ਸਿੰਘ, ਹਰਿਭਜਨ ਸਿੰਘ ਨੂੰ ਮਿਲ ਹੀ ਚਲੀਏ ਪਰ ਕਲੇਜਾ ਫੰਮ੍ਹ ਕੇ ਚਿਤ-ਵਾਂਗਾਂ ਨੂੰ ਰੋਕਿਆ । ਦਿਨ ਦੇ ਚੜ੍ਹਾਉ ਮੂੰਹ ਅਨ੍ਹੇਰੇ ਤਕ ਖੂਬ ਦਰਬਾਰ ਸਾਹਿਬ ਕੀਰਤਨ ਸਮਾਧੀਆਂ ਦੇ ਅਨੰਦ ਬੱਝੇ । ਉਪ੍ਰੰਤ ਚੁਪ ਕੀਤੇ ਹੀ ਪਿੰਡ ਪੁਜਣ ਦੀਆਂ ਤਿਆਰੀਆਂ ਕੀਤੀਆਂ ।

---

# ਢੁਡੀਆਂਵਾਲਾ ਜ਼ਿਲਾ ਕਪੂਰਥਲਾ ਵਿਖੇ
# ਅਖੰਡ ਪਾਠ ਅਤੇ ਕੀਰਤਨ ਸਮਾਗਮ
# ਮਿਤੀ 22-9-72 ਤੋਂ 24-9-72

ਭਾਈ ਮੰਗਲ ਸਿੰਘ ਜੀ ਆਪਣੀ ਮਾਤਾ ਜੀ ਦੀ ਯਾਦ ਵਿਚ **22-9-72** ਨੂੰ **ਢੁਡੀਆਂਵਾਲਾ** ਆਪਣੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ **ਜੀ** ਦੇ ਸਮਾਗਮ ਕਰਵਾ ਰਹੇ ਹਨ । ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ ।

| | | |
|---|---|---|
| 22-9-72 | ਆਰੰਭ ਸ੍ਰੀ ਅਖੰਡ ਪਾਠ ਸਾਹਿਬ | 8 ਵਜੇ ਸਵੇਰੇ |
| 24-9-72 | ਭੋਗ ਸ੍ਰੀ ਅਖੰਡ ਪਾਠ ਸਾਹਿਬ | 4 ਵਜੇ ਸਵੇਰੇ |

ਉਪਰੰਤ ਕੀਰਤਨ 12 ਵਜੇ ਰਕ ।

ਨੋਟ :— ਢੁਡੀਆਂਵਾਲਾ ਕਪੂਰਥਲੇ ਤੋਂ ਸੁਲਤਾਨਪੁਰ ਰੋਡ ਤੇ via ਪਾਜੀ ਕੇਵਲ 4 ਮੀਲ ਹੈ, via ਫਤੂਢੀਗਾਂ ਨਹੀਂ ਔਣਾ ।



www.AKJ.Org

ੴ ਸਤਿਗੁਰ ਪ੍ਰਸਾਦਿ ॥

ਸਰਬ ਧਰਮ ਮਹਿ ਗਰਿਸਤ ਪਰਧਾਨ ਹੈ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵਿਆਹ ਪੁਰਬ ਦੇ
ਸਲਾਨਾ ਜੋੜ ਮੇਲੇ ਸਮੇਂ ਬਟਾਲਾ (ਜ਼ਿਲਾ ਗੁਰਦਾਸਪੁਰ)
ਵਿਖੇ ੧੪ ਸਤੰਬਰ ੧੯੭੨ ਵੀਰਵਾਰ ਤੋਂ ੧੭ ਸਤੰਬਰ ੧੯੭੨
ਐਤਵਾਰ ਤਕ

# ਅਖੰਡ ਕੀਰਤਨ ਸਮਾਗਮ

ਸੰਗਤਾਂ ਪ੍ਰਤੀ ਇਹ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵਿਆਹ ਪਰਬ ਸਮੇਂ ਬਟਾਲਾ ਨਗਰ ਵਿਚ ੧੪ ਸਤੰਬਰ ੧੯੭੨ ਵੀਰਵਾਰ ਮੁਤਾਬਕ ੩੦ ਭਾਦੋਂ ਸੰਮਤ ੨੦੨੯ ਤੋਂ ੧੭ ਸਤੰਬਰ ਐਤਵਾਰ ੨ ਅਸੂ ਅੰਮ੍ਰਿਤ ਵੇਲੇ ਤਕ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਜੀ. ਟੀ, ਰੋਡ, ਬਟਾਲਾ ਵਿਖੇ ਹੇਠ ਲਿਖੇ ਪਰੋਗਰਾਮ ਅਨੁਸਾਰ ਭਾਰੀ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਜਿਨ੍ਹਾਂ ਵਿਚ ਦੂਰ ਨੇੜੇ ਤੋਂ ਸਰਬ ਹਿੰਦ ਅਖੰਡ ਕੀਰਤਨੀ ਜਥੇ ਹਰਿ ਜਸ ਦੀਆਂ ਘੁੰਮਰਾਂ ਪਾਉਣਗੇ। ਇਲਾਕਾ ਨਿਵਾਸੀ ਕੀਰਤਨ ਰਸੀਆਂ ਗੁਰਮੁਖ ਵੀਰ ਭੈਣਾਂ ਪ੍ਰਤੀ ਬੇਨਤੀ ਹੈ ਕਿ ਆਪਣੇ ਸਾਥੀਆਂ ਸਮੇਤ ਇਸ ਵਿਆਹ ਪੁਰਬ ਸਮੇਂ ਇਨ੍ਹਾਂ ਸਮਾਗਮਾਂ ਵਿਚ ਜਰੂਰ ਹੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ, ਅਤੇ ਤਨ ਮਨ ਧਨ ਕਰਕੇ ਸੇਵਾ ਕਰਨ।



www.AKJ.Org

# ਪ੍ਰੋਗਰਾਮ

14 ਸਤੰਬਰ 1972 ਦਿਨ ਵੀਰਵਾਰ ਗੁਰੂ ਨਾਨਕ ਨਗਰ ਗੁਰਦਵਾਰੇ ਵਿਖੇ
ਸਵੇਰੇ 5 ਵਜੇ ਤੋਂ 8 ਵਜੇ ਤਕ ਕੀਰਤਨ ਉਪਰੰਤ ਆਰੰਭ ਸ੍ਰੀ ਅਖੰਡ ਪਾਠ
ਪੰਡਾਲ ਵਿਖੇ ਸ਼ਾਮ ਨੂੰ 7 ਵਜੇ ਤੋਂ 10-30 ਵਜੇ ਤਕ ਕੀਰਤਨ ।

15 ਸਤੰਬਰ 1972 ਦਿਨ ਸ਼ੁਕਰਵਾਰ ਸਵੇਰੇ 5 ਵਜੇ ਤੋਂ 10 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਉਪਰੰਤ ਦੁਪੈਹਰ ਪਾਲਕੀ ਸਾਹਿਬ ਨਾਲ 2 ਵਜੇ ਤੋਂ 3 ਵਜੇ ਤਕ ਨਗਰ ਕੀਰਤਨ ਉਪਰੰਤ ਸ਼ਾਮ ਨੂੰ ਸੋਦਰ ਦੇ ਪਾਠ ਤੋਂ ਬਾਅਦ $7\frac{1}{2}$ ਵਜੇ ਤੋਂ ਰਾਤ 10 ਵਜੇ ਤਕ ਕੀਰਤਨ । ਗੁਰਦਵਾਰਾ ਡੇਹਰਾ ਸਾਹਿਬ (ਅਨੰਦ ਕਾਰਜ ਅਸਥਾਨ ਪਾਤਸ਼ਾਹੀ ੧)

16 ਸਤੰਬਰ 1972 ਦਿਨ ਸਨਿਚਰਵਾਰ ਗੁਰੂ ਨਾਨਕ ਨਗਰ ਗੁਰਦਵਾਰੇ ਵਿਖੇ
ਭੋਗ ਸ੍ਰੀ ਅਖੰਡ ਪਾਠ 6 ਵਜੇ ਸਵੇਰੇ ਉਪਰੰਤ 11 ਵਜੇ ਤਕ ਕੀਰਤਨ ।

16 ਸਤੰਬਰ ਨੂੰ ਹੀ ਦੁਪੈਹਰ 3 ਵਜੇ ਤੋਂ ਅੰਮ੍ਰਿਤ ਸੰਚਾਰ ਅਰੰਭ ਹੋ ਜਾਵੇਗਾ । ਸ਼ਾਮ ਨੂੰ 8 ਵਜੇ ਪੰਡਾਲ ਵਿਖੇ ਰੈਣ ਸਬਾਈ ਕੀਰਤਨ ਆਰੰਭ ਹੋਵੇਗਾ ਜਿਸਦਾ ਭੋਗ ਐਤਵਾਰ 17 ਸਤੰਬਰ ਸਵਰੇ 6 ਵਜੇ ਪਵੇਗਾ ।

ਪੁਛ ਗਿਛ ਲਈ :—

ਭਾਈ ਗੋਪਾਲ ਸਿੰਘ ਕਢਾਈ ਵਾਲੇ ਡੇਹਰਾ ਰੋਡ ਬਟਾਲਾ ☬ ਭਾਈ ਧਰਮਪਾਲ ਸਿੰਘ ਡਾਕਟਰ ਡੇਹਰਾ ਰੋਡ ਬਟਾਲਾ

ਨੋਟ-
1. ਸਮਾਗਮ ਅਸਥਾਨ (ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ) ਜੀ. ਟੀ. ਰੋਡ ਬਟਾਲੇ ਬੱਸ ਅੱਡੇ ਤੋਂ ਗੁਰਦਾਸਪੁਰ ਵੱਲ 1 ਮੀਲ ਤੇ ਹੈ ।
2. ਬਾਹਰੋਂ ਆਉਣ ਵਾਲੇ ਜਥਿਆਂ ਦਾ ਪ੍ਰਬੰਧ ਸਮਾਗਮ ਅਸਥਾਨ ਤੇ ਹੀ ਹੋਵੇਗਾ । ਲੋੜ ਅਨੁਸਾਰ ਬਿਸਤਰੇ ਲਈ ਆਉਣਾ ।
3. 16 ਸਤੰਬਰ ਸਨਿਚਰਵਾਰ ਨੂੰ ਦੁਪਹਿਰ 3 ਵਜੇ ਅਮ੍ਰਿਤ ਸੰਚਾਰ ਸਮਾਗਮ ਅਸਥਾਨ ਤੇ ਹੀ ਹੋਵੇਗਾ ਅਮ੍ਰਿਤ ਅਭਿਲਾਖੀ ਸਜਣ ਪੰਜ ਕਕਾਰੀ ਰਹਿਤ ਕੇਸਕ ਸਮੇਤ ਧਾਰਨ ਕਰਕੇ ਆਉਣ ਗਰਿਸਤੀ ਸਜਣ ਸਿੰਘ ਸਿੰਘਣੀ ਤਿਆਰ ਹੋ ਕੇ ਸਮੇਂ ਤੋਂ ਪਹਿਲੇ ਪੁਜ ਜਾਣ ।
4. ਲੋੜ ਪੈਣ ਤੇ ਪ੍ਰਬੰਧ ਵਿਚ ਥੋੜੀ ਬਹੁਤ ਤਬਦੀਲੀ ਕਰਨ ਦਾ ਅਧਿਕਾਰ ਪ੍ਰਬੰਧਕਾਂ ਨੂੰ ਹੋਵੇਗਾ ।

— ਦਰਸ਼ਨ ਅਭਿਲਾਖੀ —

## ਸਰਬ ਹਿੰਦ ਅਖੰਡ ਕੀਰਤਨੀ ਜਥਾ ਬਟਾਲਾ [ਜ਼ਿਲਾ ਗੁਰਦਾਸਪੁਰ]



www.AKJ.Org

ੴ ਸਤਿਗੁਰ ਪ੍ਰਸਾਦਿ ॥

# ਧਰਮ ਅਤੇ ਸਦਾਚਾਰ

ਲੇਖਕ : ਪ੍ਰਕਾਸ਼ ਸਿੰਘ ਐਮ. ਏ.

ਧਰਮ ਅਤੇ ਸਦਾਚਾਰ ਦਾ ਆਦਿ ਜੁਗਾਦਿ ਦਾ ਮੇਲ ਹੈ। ਹਰ ਧਰਮ ਅਨੁਸਾਰ ਸਦਾਚਾਰ ਜੀਵਨ ਦਾ ਇਕ ਬਹੁਤ ਹੀ ਜ਼ਰੂਰੀ ਅੰਗ ਹੈ। ਧਰਮ ਕੀ ਹੈ ? ਜੀਵਨ ਨੂੰ ਸਭ ਤੋਂ ਚੰਗੇ ਢੰਗ ਨਾਲ ਜੀਣ ਤੇ ਇਸ ਦੁਆਰਾ ਸੱਚ ਦੀ ਪਛਾਣ ਦਾ ਨਾਮ ਧਰਮ ਹੈ। ਧਰਮ ਦਾ ਮਨਰਥ ਕੁਝ ਪ੍ਰਾਪਤ ਕਰਨ ਨਾਲੋਂ ਵਧੇਰੇ ਕੁਝ ਬਣਨਾ ਹੈ, ਕੁਝ ਹੋਣਾ ਹੈ। ਧਰਮ ਜੀਵਨ ਜਾਚ ਸਿਖਾਂਦਾ ਹੈ। ਸੱਚਾ ਸੁਚਾ ਜੀਵਨ ਤਾਂ ਹੀ ਹੈ ਜੇ ਆਚਰਣ ਉੱਚਾ ਹੈ। ਸਦਾਚਾਰ ਚੰਗੇ ਜੀਵਨ ਦੀ ਨੀਂਹ ਹੈ। ਵਾਹਿਗੁਰੂ ਨਾਲ ਲਿਵ ਤੇ ਪ੍ਰੇਮ ਭਗਤੀ ਹੈ, ਸਿਮਰਨ ਹੈ। ਮਨੁਖਾਂ ਨਾਲ ਚੰਗੇ ਵਰਤਾਓ ਦਾ ਨਾਂ ਸਦਾਚਾਰ ਹੈ. ਇਖਲਾਕ ਹੈ। ਭਗਤੀ ਤੇ ਸਦਾਚਾਰ ਦਾ ਸੁਮੇਲ ਹੈ ਧਰਮ। ਨਿਰਾ ਭਗਤੀ ਦਾ ਨਾਂ ਧਰਮ ਨਹੀਂ। ਧਰਮ ਸਾਡੇ ਸਮਾਜਕ ਨਿਯਮਾਂ ਦਾ ਜਨਮ ਦਾਤਾ ਹੈ। ਸਦਾਚਾਰ ਇਸ ਦਾ ਇਕ ਜ਼ਰੂਰੀ ਤੇ ਅਨਖਿੜਵਾਂ ਅੰਗ ਹੈ। ਜੋ ਮਨੁਖ ਧਰਮ ਤੇ ਨਿਸਚਾ ਰਖਦਾ ਹੈ, ਧਰਮ ਦਾ ਧਾਰਨੀ ਹੈ ਤੇ ਧਰਮ ਅਨੁਸਾਰ ਪਵਿਤਰ ਤੇ ਅਮਲੀ ਜੀਵਨ ਬਤੀਤ ਕਰਦਾ ਹੈ, ਉਹ ਸੁਤੇ-ਸਿਧ ਸਦਾਚਾਰੀ ਬਣ ਜਾਂਦਾ ਹੈ। ਧਰਮ ਦੀ ਸੂਝ ਤੇ ਵਰਤੋਂ ਨਾਲ ਹੀ ਤਾਂ ਇਖ਼ਲਾਕ ਬਣਦਾ ਹੈ। ਇਕ ਸਦਾਚਾਰੀ ਹੀ ਧਰਮੀ ਹੋ ਸਕਦਾ ਹੈ। ਕੋਈ ਵਿਭਚਾਰੀ ਧਰਮੀ ਨਹੀਂ ਹੋ ਸਕਦਾ। ਧਰਸ ਤੇ ਸਦਾਚਾਰ ਲਾਜ਼ਮ ਮਲਜ਼ੂਮ ਹਨ।

## ਸਦਾਚਾਰ ਕੀ ਹੈ ?

ਸਦਾਚਾਰ ਕੀ ਹੈ ? ਸਦਾਚਾਰ ਨੂੰ ਵਖ ਵਖ ਚਿੰਤਕਾਂ ਨੇ ਵਖ ਵਖ ਰੂਪ ਵਿਚ ਬਿਆਨ ਕੀਤਾ ਹੈ-

''ਜਦ ਮਨ ਤੇ ਇੰਦਰੀਆਂ 'ਨਿਰਮਲ' ਬੁਧੀ ਦੇ ਅਧੀਨ ਰਹਿ ਕੇ ਕਰਮ ਕਰਦੀਆਂ ਹਨ, ਓਦੋਂ ਤੀਕ ਮਨੋਂ-ਕਾਮਨਾਵਾਂ ਪਵਿਤਰ ਰਹਿੰਦੀਆਂ ਹਨ। ਇਸ ਤਰ੍ਹਾਂ ਦੇ ਕਰਮ ਹੀ ਸਦਾਚਾਰ ਬਣਾਂਦੇ ਹਨ। ਪਰ



www.AKJ.Org

ਜੇ ਇਸ ਦੇ ਵਿਰੁਧ ਕਰਮ ਕੀਤੇ ਜਾਣ ਤਾਂ ਉਹ ਵਿਭਚਾਰ ਹੈ।'*

ਇਸ ਕਥਨ ਅਨੁਸਾਰ ਨਿਰਮਲ ਬੁਧੀ ਅਧੀਨ ਕੀਤੇ ਕਰਮ ਹੀ ਸਦਾਚਾਰ ਹੈ।

ਅਰਸਤੂ ਨੇ ਸਦਾਚਾਰ ਦੀ ਨੀਂਹ ਦੋ ਗਲਾਂ ਤੇ ਦਸੀ ਹੈ। 'ਪਹਿਲਾ ਇਹ ਕਿ ਮਨੁਖ ਦੇ ਕੀ ਫਰਜ਼ ਹਨ ਤੇ ਦੂਜਾ ਇਹ ਕਿ ਸਮੁਚੀ ਭਲਾਈ ਕਿਸ ਗਲ ਵਿਚ ਹੈ।' ਭਾਵ ਇਹ ਕਿ ਮਨੁਖ ਪਹਿਲਾਂ ਤਾਂ ਆਪਣੇ ਫਰਜ਼ਾਂ ਦੀ ਪਛਾਣ ਕਰੇ ਤੇ ਫਿਰ ਉਨ੍ਹਾਂ ਦੀ ਵਰਤੋਂ ਨਾ-ਸਿਰਫ ਆਪਣੀ ਭਲਾਈ ਲਈ ਹੀ ਕਰੇ, ਸਗੋਂ ਮਨੁਖਤਾ ਦੀ ਭਲਾਈ ਲਈ। ਕਈ ਵੇਰਾਂ ਤਾਂ ਆਪਣੇ ਨਿੱਜੀ ਲਾਭ ਹੋਰਾਂ ਨੀ ਭਲਾਈ ਖਾਤਰ ਵਾਰਨੇ ਪੈਂਦੇ ਹਨ। ਇਸ ਤੋਂ ਉੱਚਾ ਹੋਰ ਆਚਰਨ ਕੀ ਹੋ ਸਕਦਾ ਹੈ?

ਕੁਝ ਪਛਮੀ ਵਿਦਵਾਨਾਂ ਨੇ ਸਦਾਚਾਰ ਦੇ ਲੱਛਣ ਇੰਜ ਦਸੇ ਹਨ: 'ਜਿਨਾਂ ਅਸੂਲਾਂ ਤੇ ਨਿਯਮਾਂ ਅਨੁਸਾਰ ਮਨੁਖ ਸ਼ਖਮੀ ਰੂਪ ਵਿਚ ਤੇ ਸਮਾਜਕ ਤੌਰ ਤੇ ਹਰ ਪੱਖ ਤੋਂ ਉਨਤੀ ਕਰੇ ਅਤੇ ਆਪਣੇ ਜੀਵਨ ਵਿਚ ਸੱਚਾ ਸੁਖ ਪ੍ਰਾਪਤ ਕਰੇ ਇਸ ਦਾ ਨਾਂ ਸਦਾਚਾਰ ਹੈ।'

ਸਦਾਚਾਰ ਦੇ ਲੱਛਣ ਜਾਂ ਤਾਰੀਫ ਕੁਝ ਵੀ ਕਰੋ ਇਸ ਦੀ ਨੀਂਹ ਧਰਮ ਤੇ ਹੀ ਹੈ। ਇੰਜ ਹੀ ਧਰਮ ਦੀ ਤਾਰੀਫ ਕਿਸੇ ਤਰਾਂ ਕਰੋ ਸਦਾਚਾਰ ਇਸਦਾ ਇਕ ਜ਼ਰੂਰੀ ਅੰਗ ਹੈ।

ਇਕ ਆਮ ਭੁਲੇਖਾ-

ਅਜੇਕੇ ਕਈ ਚਲਾਕ, ਘੁੰਤਰੀ ਪੜ੍ਹੇ-ਲਿਖੇ ਬੰਦੇ ਇਹੋ ਜਹੀਆਂ ਗੱਲਾਂ ਕਹਿੰਦੇ ਸੁਣੀਦੇ ਹਨ:-

"ਸਾਨੂੰ ਆਪਣਾ ਚਾਲਚਲਨ ਠੀਕ ਰਣਾ ਚਾਹੀਦਾ ਹੈ, 'ਧਰਮ' ਦਾ ਇਸ ਨਾਲ ਕੋਈ ਸੰਬੰਧ ਨਹੀਂ"। 'ਜ਼ਿੰਦਗੀ ਕਿਵੇਂ ਬਤੀਤ ਕਰਨੀ ਹੈ ਇਹ ਇਕ ਜ਼ਾਤੀ ਮਾਮਲਾ ਹੈ, ਮੈਂ ਜਿਵੇਂ ਚਾਹਵਾਂਗਾ ਕਰਾਂਗਾ॥' 'ਮੈਨੂੰ ਕਿਸੇ ਉਪਦੇਸ਼ ਦੀ ਲੋੜ ਨਹੀਂ। ਮੈਨੂੰ ਅਕਲ ਤੇ ਸੂਝ ਹੈ। ਮੈਂ ਨਿਰਣਯ ਕਰ ਸਕਦਾ ਹਾਂ ਕਿ ਮੇਰੇ ਲਈ ਕੀ ਠੀਕ ਹੈ ਤੇ ਕੀ ਗਲਤ ਹੈ।' ਆਦਿ।

ਇਸ ਨੁਕਤੇ ਬਾਰੇ ਚੰਗੀ ਤਰ੍ਹਾਂ ਵਿਚਾਰ ਕਰਨੀ ਜ਼ਰੂਰੀ ਹੈ। ਇਨ੍ਹਾਂ ਗਲਾਂ ਬਾਰੇ ਸਾਨੂੰ ਸਪਸ਼ਟ ਹੋਣਾ ਚਾਹੀਦਾ ਹੈ, ਜਿਸ ਲਈ ਸੂਝ ਤੇ ਗਿਆਨ ਦੀ ਲੋੜ ਹੈ। ਇਹ ਸਮਜਣਾ ਕਿ ਕਿਸੇ ਮਨੁਖ ਦਾ ਜੀਵਨ ਕੇਵਲ ਉਸ ਦੀ ਜ਼ਾਤ ਨਾਲ ਹੀ ਸੰਬੰਧ ਰਖਦਾ ਹੈ ਅਤੇ ਇਸ ਵਿਚ ਹੋਰਾਂ ਦਾ ਕੋਈ ਦਖਲ ਨਹੀਂ, ਜਾਂ ਇਸ ਨਾਲ ਧਰਮ ਦਾ ਕੋਈ ਵਾਸਤਾ ਨਹੀਂ, ਇਕ ਵਡਾ ਭੁਲੇਖਾ ਹੀ ਨਹੀਂ, ਸਗੋਂ ਰਬ ਵਲੋਂ ਸੌਂਪੇ ਗਏ ਫਰਜ਼ਾਂ ਦੀ ਕੋਤਾਹੀ ਵੀ। ਜੋ ਆਪਣੇ ਫਰਜ਼ ਦੀ ਪਛਾਣ ਨਹੀਂ ਕਰਦੇ ਤੇ ਆਪਣੇ ਜੀਵਨ ਨੂੰ ਕੇਵਲ ਨਿੱਜੀ ਤੇ ਸੁਆਰਥੀ ਜੀਵਨ ਕਰਕੇ ਹੀ ਬਤੀਤ ਕਰਨ ਦਾ ਉਦੇਸ਼ ਹੀ ਮੁਖ ਰਖਦੇ ਹਨ ਉਹ ਸਮਾਜ ਦੀ ਉੱਨਤੀ ਤੇ ਭਲਾਈ ਵਿਚ ਰੁਕਾਵਟ ਬਣਦੇ ਹਨ, ਮਨੁਖਤਾ ਦੇ ਸੁਧਾਰ ਲਈ ਔਕੜਾਂ ਖੜੀਆਂ ਕਰਦੇ ਹਨ। ਅਜੇਹੇ ਭੁਲੇਖੇ ਸਮੁਚੇ ਸਮਾਜ ਨੂੰ ਹੀ ਨਹੀਂ ਸਗੋਂ ਉਨ੍ਹਾਂ ਮਨੁਖਾਂ ਨੂੰ ਭੀ ਨੁਕਸਾਨ ਪਹੁੰਚਾਂਦੇ ਹਨ ਜੋ ਆਪ ਇਨ੍ਹਾਂ ਦਾ ਪਰਚਾਰ ਕਰਦੇ ਹਨ। ਜੋ ਮਨੁਖ ਇਹ ਸਮਝਦਾ ਹੈ ਕਿ ਉਸ ਨੂੰ ਸਭ ਸੂਝ ਤੇ ਅਕਲ ਹੈ ਤੇ ਉਹ ਚਗੇ ਮੰਦੇ



www.AKJ.Org

ਦਾ ਫੈਸਲਾ ਕਰ ਸਕਦਾ ਹੈ ਉਸ ਨੇ ਆਪਣਾ ਕਲਿਆਣ ਤਾਂ ਕੀ ਕਰਨਾ ਹੈ, ਦੂਜਿਆਂ ਦੀ ਉੱਨਤੀ ਤੇ
ਬਿਹਤਰੀ ਵਿਚ ਵੀ ਰੋੜਾ ਬਣਦਾ ਹੈ।

ਆਚਰਣ ਸੰਬੰਧਕ ਗੁਣ ਹੈ --

ਸਮਾਜ ਵਿਚ ਦੋ ਪਰਕਾਰ ਦੇ ਮਨੁਖ ਹਨ। ਚੰਗੇ ਤੇ ਮੰਦੇ। ਇਕੱਲਾ ਮਨੁਖ ਪਾਪੀ ਤੇ ਪੁੰਨੀ
ਨਹੀਂ ਹੋ ਸਕਦਾ। ਕਿਸੇ ਸਮਾਜਹੀਣ ਸੁੰਨਸਾਨ ਥਾਂ ਤੇ ਜੇ ਕੋਈ ਮਨੁਖ ਜਾ ਕੇ ਰਹਿਣ ਲਗ ਜਾਏ, ਜਿਥੇ ਹੋਰ
ਕਈ ਮਨੁਖ ਨਹੀਂ ਰਹਿੰਦਾ ਤਾ ਉਸ ਦੇ ਆਚਰਣ ਤੇ ਕਿਸੇ ਹੋਰ ਦਾ ਪ੍ਰਭਾਵ ਨਹੀਂ ਪਏਗਾ ਅਤੇ ਨਾਹੀਂ
ਉਸ ਦੇ ਆਚਰਣ ਦਾ ਕਿਸੇ ਹੋਰ ਉਤੇ ਹੀ ਪ੍ਰਭਾਵ। ਅਜੇਹੀ ਹਾਲਤ ਵਿਚ ਮਨੁਖ ਸਿਆਣਾ ਜਾਂ ਮੂਰਖ
ਭਾਵੇਂ ਅਖਵਾ ਸਕੇ, ਚੰਗ ਜਾ ਮੰਦੇ ਅ ਚਰਣ ਵਾਲਾ ਨਹੀਂ ਹੋ ਸਕਦਾ। ਪਵਿਤਰ ਜਾਂ ਅਪਵਿਤਰ ਜੀਵਨ
ਲਈ, ਨੇਕੀ ਜਾ ਬਦੀ ਹੋਰਾਂ ਨਾਲ ਸੰਬੰਧ ਜ਼ਰੂਰੀ ਹੈ। ਇਕ ਇਕੱਲੇ ਨਾਲ ਚੰਗੇ ਮੰਦੇ ਸੰਬੰਧ ਜੋੜਨੇ ਅਸੰਭਵ
ਹਨ। ਸਚ ਬੋਲਣਾ ਇਕ ਚੰਗਾ ਗੁਣ ਹੈ ਤੇ ਝੂਠ ਇਕ ਭੈੜੀ ਆਦਤ ਹੈ। ਪਰਉਪਕਾਰ ਕਰਨਾ ਚੰਗਿਆਈ
ਹੈ ਤੇ ਚੋਰੀ ਇਕ ਮਾੜਾ ਕੰਮ ਹੈ। ਪਰ ਜਿਥੇ ਇਕ ਇਕੱਲਾ ਮਨੁਖ ਹੀ ਹੋਵੇ ਉਹ ਕਿਸ ਨਾਲ ਸਚ ਜਾਂ ਝੂਠ
ਬੋਲੇਗਾ? ਕਿਸ ਲਈ ਉਪਕਾਰ ਕਰੇਗਾ? ਜਾਂ ਕਿਸ ਦੀ ਚੋਰੀ ਕਰ ਸਕੇਗਾ? ਸਪਸ਼ਟ ਹੈ ਕਿ ਆਚਰਣ
ਇਕ ਸੰਬੰਧਕ ਗੁਣ ਹੈ।

ਜੋ ਇਹ ਕਹਿੰਦੇ ਹਨ ਕਿ ਧਰਮ ਦਾ ਸਦਾਚਾਰ ਨਾਲ ਕੋਈ ਸੰਬੰਧ ਨਹੀਂ, ਆਮ ਕਰਕੇ ਨਾਸਤਕ
ਹੀ ਹੁੰਦੇ ਹਨ। ਅਜੇਹੇ ਨੁਕਤਾਚੀਨੀ ਕਹਿੰਦੇ ਹਨ ਕਿ ਮਨੁਖ ਦੇ ਆਚਰਣਕ ਉੱਨਤੀ, ਵਿਰਸੇ ਵਿਚ ਮਿਲੇ
ਖਾਨਦਾਨੀ ਗੁਣਾਂ ਜਾਂ ਫਿਰ ਵਾਤਾਵਰਣ ਤੋਂ ਮਿਲੇ ਪਰਭਾਵਾਂ ਤੇ ਹੀ ਨਿਰਭਰ ਹੈ। ਧਰਮ ਦਾ ਇਸ ਵਿਚ
ਕੋਈ ਦਖਲ ਨਹੀਂ। ਉਹ ਕਹਿੰਦੇ ਹਨ ਕਿ ਇਖਲਾਕ ਨੇ ਧਰਮ ਤੋਂ ਪਹਿਲਾਂ ਜਨਮ ਲਿਆ। ਇਹ ਠੀਕ
ਹੈ ਕਿ ਆਚਰਣ ਦੀ ਉਸਾਰੀ ਵਿਚ ਖਾਨਦਾਨੀ ਖਸਲਤਾਂ ਤੇ ਵਾਤਾਵਰਣ ਤੋਂ ਮਿਲੇ ਪਰਭਾਵਾਂ ਦਾ ਬਹੁਤ
ਹਥ ਹੈ ਪਰ ਧਰਮ ਨੂੰ ਇਖਲਾਕ ਤੋਂ ਵਖ ਸਮਝਣਾ ਅਗਿਆਨਤਾ ਹੈ ਤੇ ਇਸ ਗਲ ਦਾ ਪਰਚਾਰ ਭੋਲੇ ਤੇ
ਅਨਜਾਣ ਲੋਕਾਂ ਨੂੰ ਟਪਲੇ ਵਿਚ ਪਾਣਾ ਹੈ ਜੋ, ਰੱਬ ਜਾਂ ਧਰਮ ਨੂੰ ਨਹੀਂ ਮੰਨਦੇ, ਉਹ ਸਦਾਚਾਰ ਵਿਚ
ਧਰਮ ਦੇ ਦਖਲ ਨੂੰ ਭਲਾ ਕਿਉਂ ਮੰਨਣਗੇ? ਜ਼ਰਾ ਗਹੁ ਨਾਲ ਵਿਚਾਰੀਏ ਤੇ ਵਖ ਵਖ ਧਰਮਾਂ ਦੇ ਇਤਿਹਾਸ
ਤੇ ਨਜ਼ਰ ਮਾਰੀਏ ਤਾ ਸਿਧ ਹੋਏਗਾ ਕਿ ਸਦਾਚਾਰ ਨੇ ਧਰਮ ਦੇ ਨਾਲ ਹੀ ਜਨਮ ਲਿਆ। ਧਰਮ ਤੋਂ
ਸਦਾਚਾਰ ਅੱਡ ਨਹੀਂ ਤੇ ਸਦਾਚਾਰ ਤੋਂ ਧਰਮ ਵਖਰਾ ਨਹੀਂ।

'ਮੈਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?' ਇਹ ਵਿਚਾਰ ਆਚਰਣ ਦੀ
ਜੜ੍ਹ ਹੈ। ਇਸ ਦੀ ਸੂਝ ਮਨੁਖ ਨੂੰ ਧਰਮ ਸਿਖਾਂਦਾ ਹੈ। ਇਹ ਠੀਕ ਹੈ ਕਿ ਅਕਲ ਤਾਂ ਹਰ ਕੋਈ ਵਰਤ
ਸਕਦਾ ਹੈ ਪਰ ਅਕਲ ਨੂੰ ਕਿਹੜੀ ਕਸਵਟੀ ਤੇ ਵਰਤਣਾ ਹੈ? ਧਰਮ ਹੀ ਨੇਮ ਘੜਦਾ ਹੈ। ਧਰਮ ਹੀ ਚੰਗੇ
ਮੰਦੇ ਤੇ ਨੇਕੀ ਬਦੀ ਦਾ ਨਿਰਣਾ ਕਰਦਾ ਹੈ। ਜੇ ਇਉਂ ਕਹਿ ਲਈਏ ਤਾਂ ਗਲਤ ਨਹੀਂ ਹੋਏਗਾ ਕਿ ਧਰਮ


www.AKJ.Org

ਦੀ ਅਮਲੀ ਰੂਪ ਸਦਾਚਾਰ ਹੈ ।

ਜ਼ਾਤੀ ਤੇ ਕੌਮੀ ਆਚਰਣ-

ਸਮਾਜ ਕੀ ਹੈ ? ਪੰਥ ਕੀ ਹੈ ? ਕੌਮ ਕੀ ਹੈ ? ਇਹ ਸਭ ਇਕ ਜਾਂ ਦੂਜੇ ਰੂਪ ਵਿਚ ਮਨੁਖਾਂ ਦੇ ਸਮੂਹ ਹੀ ਹਨ । ਚੰਗੇ ਤੇ ਸਦਾਚਾਰੀ ਮਨੁਖ ਚੰਗੀ ਕੌਮ ਬਣਾਂਦੇ ਹਨ । ਆਚਰਣਹੀਣ ਮਨੁਖ ਸਮਾਜ ਨੂੰ ਪੰਥ ਨੂੰ ਤੇ ਕੌਮ ਨੂੰ ਅਧੋਗਤੀ ਵਲ ਲਿਜਾਂਦੇ ਹਨ । ਆਚਰਣ ਦਾ ਸੰਬੰਧ ਹਰ ਇਕ ਦੇ ਆਪਣੇ ਜੀਵਨ ਤੇ ਨਿਜੀ ਸ਼ਖਸੀਅਤ ਨਾਲ ਬਹੁਤ ਡੂੰਘਾ ਹੈ ਪਰ ਹਰ ਇਕ ਦੇ ਆਚਰਣ ਦਾ ਅਸਰ ਚਾਰ ਚੁਫੇਰੇ ਪੈਂਦਾ ਹੈ । ਇਕ ਸਦਾਚਾਰੀ ਸ਼ਮਾਜਕ ਮੰਡਲ ਨੂੰ 'ਸੁਗੰਧ' ਦੇਂਦਾ ਹੈ ਤੇ ਇਕ ਵਿਭਚਾਰੀ 'ਦੁਰਗੰਧ' ਫੈਲਾਂਦਾ ਹੈ । ਹਰ ਇਕ ਵਿਅਕਤੀ ਦੇ ਆਚਰਣ ਦੀ ਉਨਤੀ, ਨਿਜੀ ਪ੍ਰਸੰਨਤਾ ਤੇ ਦ੍ਰਿੜਤਾ ਵਿਚ ਸਮੁਚੇ ਸਮਾਦ ਦਾ ਭਲਾ ਹੈ, ਪੰਥ ਦੀ ਚੜ੍ਹਦੀ ਕਲਾ ਹੈ ਤੇ ਕੌਮ ਦਾ ਕਲਿਆਣ ਹੈ ।

ਸਪੱਸ਼ਟ ਹੈ ਕਿ ਮਨੁਖਾਂ ਦਾ ਸਾਂਝਾ ਆਚਰਣ ਤੇ ਸਮੁਚਾ ਵਤੀਰਾ ਕੌਮੀ ਆਚਰਣ ਬਣਾਂਦਾ ਹੈ । ਸਾਡਾ ਨਿਤ ਦਾ ਕਾਰ-ਵਿਹਾਰ ਲੈਣ ਦੇਣ, ਬੋਲ-ਚਾਲ ਕੌਮੀ ਆਚਰਣ ਹੀ ਕਿਸੇ ਦੇਸ਼ ਦੀ ਇੱਜਤ, ਅਣਖ ਤੇ ਸ਼ਕਤੀ ਦਾ ਸੂਚਕ ਹੁੰਦਾ ਹੈ । ਕਿਸੇ ਦੇਸ਼ ਦੀ ਉੱਨਤੀ ਤੇ ਕੌਮ ਉਸਾਰੀ ਲਈ ਨਵੀਆਂ ਨਵੀਆਂ ਵਿਉਂਤਾਂ, ਵਿਗਿਆਨਕ ਕਾਢਾਂ ਤੇ ਰਾਜਨੀਤਕ ਗਠ-ਜੋੜ ਜ਼ਰੂਰੀ ਗਲਾਂ ਹਨ, ਪਰ ਇਨ੍ਹਾਂ ਤੋਂ ਭੀ ਜ਼ਿਆਦਾ ਜ਼ਰੂਰੀ ਹੈ ਕੌਮੀ ਆਚਰਣ, ਜੋ ਕਿ ਕਿਸ਼ੇ ਦੇਸ਼ ਦੇ ਸਤਿਕਾਰ ਤੇ ਸਦੀਵ ਕਾਲ ਉੱਨਤੀ ਤੇ ਖੁਸ਼ਹਾਲੀ ਦਾ ਇਕ ਪਰਬਲ ਸਾਧਨ ਹੈ । ਕੌਮੀ ਆਚਰਣ ਦੇ ਵਿਸ਼ੇਸ਼ ਤਤ ਹਨ : ਸ਼ੱਚ ਤੇ ਨਿਆਂ, ਪ੍ਰੇਮ ਤੇ ਦ੍ਰਿੜ੍ਹਤਾ ਸ੍ਵੈਮਾਨ ਤੇ ਆਜ਼ਾਦੀ । ਜਿਸ ਕੌਮ ਕੋਲ ਇਹ ਗੁਣ ਹਨ ਉਹ ਕਿਸੇ ਭੀ ਵਕਤ, ਨੇਕੀ ਤੇ ਸਚਾਈ ਲਈ ਵਡੀ ਤੋਂ ਵਡੀ ਕੁਰਬਾਨੀ ਕਰ ਸਕਦੀ ਹੈ ਤੇ ਆਪਣੇ ਹੱਕਾਂ ਦੀ ਰਾਖੀ ਲਈ ਮਰ ਮਿਟਣ ਲਈ ਤਿਆਰ ਹੋ ਸਕਦੀ ਹੈ, ਸਗੋਂ ਇਉਂ ਕਹੋ ਕਿ ਇਨ੍ਹਾਂ ਗੁਣਾਂ ਵਾਲੀ ਕੌਮ ਹਰ ਚੰਗੇ ਕੰਮ ਤੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ-ਬਰ-ਤਿਆਰ ਰਹਿੰਦੀ ਹੈ ।

ਸ਼ੁਭ ਅਮਲਾਂ ਤੇ ਜ਼ੋਰ--

ਕੋਈ ਕੌਮ ਮਾੜੀ ਜਾਂ ਚੰਗੀ ਨਹੀਂ । ਉਸਦਾ ਸਮੁਚਾ ਆਚਰਣ ਉਸ ਨੂੰ ਚੰਗਾ ਜਾਂ ਮੰਦਾ ਬਣਾਂਦਾ ਹੈ । ਇਹੀ ਗਲ ਵਖ ਵਖ ਧਰਮਾਂ ਦੇ ਮੰਨਣ ਵਾਲਿਆਂ ਤੇ ਢੁਕਦੀ ਹੈ । ਸਾਹਿਬ ਸਤਿਗੁਰੂ ਨਾਨਕ ਦੇਵ ਜਦ ਮੱਕੇ ਗਏ ਤਾਂ ਓਥੇ ਹਾਜੀਆਂ ਨੇ ਪੁਛਿਆ ਕਿ ਹਿੰਦੂ ਚੰਗੇ ਹਨ ਕਿ ਮੁਸਲਮਾਨ ਤਾਂ ਗੁਰੂ ਬਾਬੇ ਨੇ ਉਤਰ ਦਿਤਾ ਕਿ ਸ਼ੁਭ ਅਮਲਾਂ ਵਾਲੇ ਚੰਗੇ ਹਨ, ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :-

ਪੁਛਨਿ 'ਖੋਲਿ ਕਿਤਾਬ ਨੋ,ਹਿੰਦੂ ਵਡਾ ਕਿ ਮੁਸਲਮਨੋਈ ? ਬਾਬਾ ਆਖੇ ਹਾਜਿਆ: 'ਸੁਭਿ ਅਮਲਾ ਬਾਝੋ ਦੋਵੇ ਰੋਈ।।

ਸਤਿਗੁਰੂ ਨਾਨਕ ਦੇਵ ਨੇ ਅਮਲਾਂ ਤੇ ਜ਼ੋਰ ਦਿਤਾ । ਗੁਰੂ ਸਾਹਿਬ ਦਾ ਚਲਾਇਆ ਹੋਇਆ ਸਿਖ ਧਰਮ ਹੈ । ਇਸ ਵਿਚ ਕੋਈ ਵਲ-ਪੇਚ ਨਹੀਂ, ਗੁੰਝਲਾਂ ਨਹੀਂ, ਮਿਥਿਹਾਸਕ ਫਲਫਸਾ ਨਹੀਂ । ਇਹ ਧਰਮ ਹਰ



www.AKJ.Org

ਇਕ ਦਾ ਧਰਮ ਹੈ । 'ਸਗਲ ਸੰਗਿ ਹਮ ਕਉ ਬਨਿ ਆਈ' ਇਸ ਦਾ ਉਪਦੇਸ਼ ਹੈ । ਗੁਰੂ ਨਾਨਕ ਦੇਵ ਜੀ ਨੇ ਬਣਾਉਟੀ ਧਰਮ ਦਾ ਖੰਡਨ ਕੀਤਾ । ਪ੍ਰੋਹਤ ਜਾਤੀ ਦੇ ਉੱਚੇ ਅਧਿਕਾਰਾਂ ਦੇ ਦਾਅਵੇ ਨੂੰ ਅਸਵੀਕਾਰ ਕੀਤਾ । ਨਿਰੇ ਕਰਮ ਕਾਂਡ, ਥੋਥੇ ਗਿਆਨ, ਹਠ-ਯੋਗ ਜਾਂ ਕਟਰ-ਪੰਥ ਦੇ ਅਡੰਬਰ ਤੇ ਭੇਖ ਦੇ ਪੇਚ ਲਾਹ ਕੇ ਪਰੇ ਸੁਟੇ । ਮਨੁਖਤਾ ਨੂੰ ਪਰਧਾਨਤਾ ਦਿਤੀ ਅਤੇ ਮਨੁਖਾਂ ਨਾਲ ਸੱਚਾ ਪਿਆਰ ਸਿਖਾਇਆ । ਸੱਚੀ ਜੀਵਨ ਦਾ ਸਹਿਜ ਸਰੂਪ ਨਿਖਾਰਨ ਲਈ ਅਮਲੀ ਧਰਮ ਉਪਰ ਵਿਸ਼ੇਸ਼ ਜ਼ੋਰ ਦਿਤਾ । 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਕਹਿ ਕੇ 'ਸਚੁ ਆਚਾਰੁ' ਨੂੰ ਹੀ ਸਭ ਤੋਂ ਉਪਰ ਥਾਂ ਦਿਤੀ । ਜਾਤ ਪਾਤ, ਦੁਨਿਆਵੀ ਰੁਤਬੇ, ਕਿੱਤੇ ਜਾਂ ਪੇਸ਼ੇ ਜਾਂ ਮਾਇਕ ਵਡਿਆਈ ਦੀ ਥਾਂ ਸੱਚੇ ਆਚਾਰ, ਸੁਚੇ ਵਿਵਹਾਰ, ਦਇਆ, ਨਾਮ, ਸੇਵਾ ਆਦਿ ਨੂੰ ਉਸਾਰੀ ਦਾ ਆਧਾਰ ਮੰਨਿਆ ।

ਗੁਰੂ ਨਾਨਕ ਦੇਵ ਜੀ ਨੇ ਧਾਰਮਕ ਫ਼ਲਸਫ਼ੇ ਨੂੰ ਜੀਵਨ ਦੇ ਅੰਗ ਸੰਗ ਚਲਣ ਦੀ ਸਮਰਥਾ ਦਿਤੀ । ਇਹ ਧਾਰਮਕ ਫ਼ਲਸਫ਼ਾ ਹੈ 'ਗੁਰਮਤਿ' ਇਹ ਗੁਰਮਤਿ ਦਾ 'ਗਾਡੀ ਰਾਹ' ਤੇ ਸੱਚ ਦਾ ਮਾਰਗ ਹੈ, ਜਿਸ ਤੇ ਤੁਰਿਆਂ ਸਚੇ ਆਚਾਰ ਤੇ ਸਵੈਮਾਨ-ਭਰਪੂਰ ਜੀਵਨ ਦੀ ਪ੍ਰਾਪਤੀ ਹੁੰਦੀ ਹੈ । ਇਸ ਮਾਰਗ ਤੇ ਰੱਬ ਦੀ ਰਜ਼ਾ ਵਿਸ਼ਵਾਸ਼ ਤੇ ਚੜ੍ਹਦੀ ਕਲਾ ਦੇ ਨਾਲ ਨਾਲ ਸੇਵਾ ਤੇ ਕੁਰਬਾਨੀ ਦਾ ਜਜ਼ਬਾ ਭੀ ਮਿਲਦਾ ਹੈ ।

ਗੁਰਬਾਣੀ ਵਿਚ ਇਸ ਦਾ ਸਰਲ ਰੂਪ ਇਉਂ ਦਸਿਆ ਹੈ :

ਹਿਰਦੈ ਸਚੁ ਏਹ ਕਰਣੀ ਸਾਰ ॥
ਹੋਰੁ ਸਭੁ ਪਖੰਡੁ ਪੂਜ ਖੁਆਰੁ ॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥

ਵਿਣੁ ਗੁਣ ਕੀਤੇ ਭਗਤਿ ਨ ਹੋਇ—

ਅਮਲੀ ਜੀਵਨ ਤੇ ਚੰਗੇ ਕਰਮ ਕੀਤੇ ਬਿਨਾਂ ਭਗਤੀ ਵੀ ਨਹੀਂ ਹੋ ਸਕਦੀ । ਨਾਮ ਸਿਮਰਨ ਲਈ ਜ਼ਰੂਰੀ ਹੈ ਕਿ ਅਮਲੀ ਜ਼ਿੰਦਗੀ ਹੋਵੇ । ਗੁਰਬਾਣੀ ਦਾ ਫੁਰਮਾਨ ਹੈ :



www.AKJ.Org

'ਵਿਣੁ ਗੁਣ ਕੀਤੇ ਭਗਤਿ ਨ ਹੋਇ" ।†

ਮਨੁਖ ਦੇ ਅੰਦਰ ਤਿੰਨ ਕਿਸਮ ਦੀਆਂ ਭੁੱਖਾਂ ਹੁੰਦੀਆਂ ਹਨ : ਜਾਨਣ ਦੀ ਭੁੱਖ, ਰੂਪ ਰਸ ਪਛਾਨਣ ਤੇ ਮਾਨਣ ਦੀ ਭੁੱਖ ਅਤੇ ਇਖਲਾਕ ਜਾਂ ਗੁਣਾਂ ਦੀ ਭੁੱਖ ।

ਜਾਨਣ ਦੀ ਭੁੱਖ ਨਾਲ ਮਨੁਖ ਸਦਾ ਚੀਜ਼ਾਂ ਦੇ ਗਿਆਨ ਪਿਛੇ ਲਗਾ ਰਹਿੰਦਾ ਹੈ । ਹਜ਼ਾਰਾਂ ਆਦਮੀ ਜਾਨਾਂ ਹੂਲਕੇ ਨਵੀਆਂ ਕਾਢਾਂ ਕਢਦੇ ਰਹੇ । ਇਸੇ ਭੁੱਖ ਦਾ ਨਤੀਜ਼ਾ ਹਿਸਾਬ, ਵਿਗਿਆਨ ਤੇ ਫਲਸਫਾ ਆਦਿ ਕਈ ਗਿਆਨ ਉਤਪੰਨ ਹੋਏ ਤੇ ਵਧੇ ਫੂਲੇ ਹਨ । ਪਰ ਜਦ ਲੋਕੀ ਫਿਰੇ ਇਸ ਗਿਆਨ ਨੂੰ ਹੀ ਜੀਵਨ ਦਾ ਮੁਖ ਪਰਯੋਜਨ ਮੰਨਣ ਲਗ ਪੈਂਦੇ ਹਨ ਤਾਂ ਕਈ ਪਖਾਂ ਤੋਂ ਅਧਰਮ ਤੇ ਉਸ ਦੇ ਪ੍ਰਤੀਫਲ ਦੁਰਾਚਾਰ ਤੇ ਉਪਦਰਵ ਉਪਜਦੇ ਹਨ । ਇਹ ਵਖ ਵਖ ਗਿਆਨ ਤੇ ਖਾਸ ਕਰ ਫਲਸਫਾ ਅਮਲੀ ਜੀਵਨ ਦੀ ਸੂਝ ਤੇ ਸਮਝ ਲਈ ਹਨ । ਜੀਵਨ ਨਿਰਾ ਫਲਸਫ ਜਾਂ ਗਿਆਨ ਲਈ ਨਹੀਂ ।

ਰੂਪ ਰਸ ਦੀ ਭੁੱਖ ਕੀ ਹੈ ? ਇਹ ਹੈ ਕੋਮਲ ਬਿਰਤੀਆਂ, ਵਲਵਲਿਆਂ ਤੇ ਜਜ਼ਬਿਆਂ ਦਾ ਜਾਗਣਾ ਤੇ ਇਨਾਂ ਦੀ ਤ੍ਰਿਪਤੀ, ਜੋ ਮਨੁਖ ਨੂੰ ਸੁੰਦਰਤਾ ਵਲ ਪਰੇਰਦੇ ਹਨ । ਇਸ ਭੁੱਖ ਦੇ ਅਧੀਨ ਹੀ ਰਾਗ, ਨਾਦ, ਕਵਿਤਾ, ਚਿਤਰਕਾਰੀ ਆਦਿ ਕੋਮਲ ਹੁਣਰ ਬਣੇ ਹਨ । ਇਹ ਜੀਵਨ ਨੂੰ ਢਾਲਨ ਤੇ ਉਸਾਰਨ ਲਈ ਚੰਗੇ ਸਾਧਨ ਹਨ, ਜੀਵਨ ਦਾ ਮਨੋਰਥ ਨਹੀਂ ਹਨ । ਰਬ ਨੂੰ ਭੁਲਾ ਕੇ ਨਿਰਾ ਇਨ੍ਹਾਂ ਹੁਨਰਾਂ ਦੇ ਪਿਛੇ ਲਗ ਕੇ ਪੂਰਬ ਵਿਚ ਤਾਂ ਬੁਤ-ਪੂਜਾ ਅਤੇ ਪਛਮ ਵਿਚ ਮਾਦਾ-ਪ੍ਰਸਤੀ ਦੇ ਮੂਲ ਕਾਰਨ ਬਣੇ ।

ਇਖਲਾਕੀ ਭੁੱਖ ਹੈ ਚੰਗਾ ਬਣਨ ਦੀ ਤੇ ਗੁਣ ਗ੍ਰਹਿਣ ਕਰਨ ਦੀ ਖਾਹਿਸ਼ । ਮਨੁਖ ਅੰਦਰ ਸਦਾਚਾਰ ਦਾ ਚਾਅ ਜਾਂ ਪਰਉਪਕਾਰ ਦਾ ਉਮਾਹ ਸ਼ੁਰੂ ਤੋਂ ਹੀ ਰਿਹਾ ਹੈ । ਹਰ ਇਕ ਅੰਦਰ ਇਹ ਇਛਾ ਸੁਚੇਤ ਜਾ ਅਚੇਤ ਤੌਰ ਤੇ ਭਰੀ ਹੋਈ ਹੈ ਕਿ ਉਹ ਚੰਗੇ ਮੰਦੇ ਦੀ ਪਛਾਣ ਕਰੇ ਤੇ ਚੰਗਿਆਈ ਨੂੰ ਮਨ ਵਿਚ ਥਾਂ ਦੇਵੇ । ਪਰ ਨਿਰਾ ਸਦਾਚਾਰ ਦੇ ਪਿਛੇ ਲਗਿਆਂ ਧਰਮ ਕੇਵਲ ਫਰਜ਼ ਦੇ ਤੌਰ ਤੇ ਹੀ ਰਹਿ ਜਾਂਦਾ ਹੈ । ਜਿਸ ਦਾ ਸਿੱਟਾ ਇਹ ਹੈ ਕਿ ਧਰਮ ਕੇਵਲ ਕਰਮ ਕਾਂਡ ਦਾ ਝਮੇਲਾ ਬਣ ਜਾਂਦਾ ਹੈ ।

ਇਹ ਤਿੰਨੇ ਭੁੱਖਾਂ ਸਾਡੇ ਵਿਚ ਕੁਦਰਤੀ ਹਨ ਅਤੇ ਜੋ ਕੰਮ ਭੀ ਅਸੀਂ ਕਰਦੇ ਹਾਂ, ਉਸ ਵਿਚ ਇਨ੍ਹਾਂ ਵਿਚੋਂ ਕਿਸੇ ਇਕ, ਦੋ ਜਾਂ ਤਿੰਨਾਂ ਨੂੰ ਹੀ ਸਰਚਾਣ ਦਾ ਹੀ ਜਤਨ ਕਰਦੇ ਹਾਂ । ਧਰਮ ਵਿਚ ਭੀ ਇਹ ਤਿੰਨੇ ਭੁੱਖਾਂ ਪੂਰੀਆਂ ਹੁੰਦੀਆਂ ਹਨ । ਇਸ ਦਾ ਗਿਆਨ ਜਾਂ ਫਲਸਫਾ ਤਾਂ ਹੋਇਆ ਪਹਿਲੀ ਭੁੱਖ ਪੂਰੀ ਕਰਨ ਲਈ, ਇਹਦੇ ਸੰਸਕਾਰ ਜਾਂ ਚਿੰਨ ਹੋਏ ਦੂਜੀ ਭੁਖ ਲਈ ਅਤੇ ਇੰਜ ਹੀ ਇਸ ਵਿਚ ਦਸਿਆ ਇਖਲਾਕ ਹੋਇਆ ਤੀਜੀ ਭੁਖ ਪੂਰੀ ਕਰਨ ਵਾਸਤੇ । ਕੋਈ ਧਰਮ ਸਾਡੀ ਪੂਰੀ ਤਰ੍ਹਾਂ ਨਿਸ਼ਾ ਨਹੀਂ ਕਰ ਸਕਦਾ ਜਿਸ ਵਿਚ ਇਨ੍ਹਾਂ ਤਿਨ੍ਹਾਂ ਭੁਖਾਂ ਦੇ ਤ੍ਰਿਪਤਾਨ ਲਈ ਯੋਗ ਪ੍ਰਬੰਧ ਨਾ ਕੀਤਾ ਹੋਵੇ । ਨਿਰਾ ਕਰਮ ਕਾਂਡ ਭਗਤੀ ਨਹੀਂ, ਨਾਲ ਗੁਣ ਭੀ ਜ਼ਰੂਰੀ ਹਨ ।

ਕਿਸੇ ਮਨੁਖ ਦੀ ਸ਼ਖਸੀਅਤ ਤਾਂ ਹੀ ਹਰ ਪਖੋਂ ਠੀਕ ਰੂਪ ਵਿਚ ਉਸਰਦੀ ਤੇ ਉਹ ਇਨ੍ਹਾਂ ਤਿਨ੍ਹਾਂ ਭੁੱਖਾਂ ਦੇ



www.AKJ.Org

ਸੁਮੇਲ ਤੇ ਇਕ-ਸੁਰਤਾ ਰਖਕੇ ਤ੍ਰਿਪਤੀ ਪ੍ਰਾਪਤ ਕਰਦਾ ਹੈ। ਅਜੇਹੇ ਮਨੁਖ ਦੇ 'ਸਦਾ ਮਨਿ ਚਾਉ" ਵਿਚਰਦਾ ਹੈ ਇਹੀ ਹੈ ਗੁਣ ਗ੍ਰਹਿਣ ਕਰਨਾ ਤੇ ਔਗੁਣ ਤਿਆਗਣਾ। ਜੇ ਇਹ ਗੁਣ ਹੋਣ ਤਾਂ ਹੀ ਸੱਚੀ ਭਗਤੀ ਹੋ ਸਕਦੀ ਹੈ।

ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣਨ ਦੀ ਇੱਛਾ —

ਹਰ ਇਕ ਮਨੁਖ ਵਿਚ ਇਹ ਕੁਦਰਤੀ ਇੱਛਾ ਹੁੰਦੀ ਹੈ ਕਿ ਲੋਕੀਂ ਉਸ ਨੂੰ ਚੰਗਾ ਸਮਝਣ, ਉਸ ਨੂੰ ਚੰਗਾ ਕਹਿਣ ਤੇ ਉਸਦੀ ਉਪਮਾ ਕਰਨ। ਇਹ ਇੱਛਾ ਹੀ ਉਸ ਨੂੰ ਸਮਾਜ ਦਾ ਇਕ ਅੰਗ ਬਣਾਂਦੀ ਹੈ ਤੇ ਉਸਦੇ ਆਚਰਣ ਨੂੰ ਸੰਵਾਰਦੀ ਹੈ। ਜੇ ਉਸ ਦੇ ਮਨ ਵਿਚ ਇਹ ਇੱਛਾ ਨਾ ਹਵੇ ਤਾਂ ਉਸ ਵਿਚੋਂ ਚੋਖੀ ਚੰਗਿਆਈ ਖਤਮ ਹੀ ਹੋ ਜਾਏ। ਹਰ ਮਨੁਖ ਡਰਦਾ ਹੈ ਕਿ ਜੇ ਉਸ ਨੇ ਕਈ ਭੈੜਾ ਕੰਮ ਕੀਤਾ ਤਾਂ ਸੁਸਾਇਟੀ ਉਸ ਨੂੰ ਨਿੰਦੇਗੀ। ਇਹ ਡਰ ਕਿ ਲਕੀਂ ਨਿਦਣਗੇ ਤੇ ਬੁਰਾ ਸਮਝਣਗੇ ਉਸ ਨੂੰ ਬਹੁਤ ਸਾਰੇ ਪਾਪਾਂ ਤੇ ਔਗੁਣਾਂ ਤੋਂ ਬਚਾਂਦਾ ਹੈ। ਇਹ ਇੱਛਾ ਕਿ ਲੋਕੀਂ ਉਸ ਨੂੰ ਚੰਗਾ ਕਹਿਣ ਕਈ 'ਚੰਗੇ ਕੰਮ ਕਰਨ ਲਈ ਉਤਸ਼ਾਹ ਤ ਕੁਰਬਾਨੀ ਦਾ ਜਜ਼ਬਾ ਪੈਦਾ ਕਰਦਾ ਹੈ। ਮਨੁਖੀ ਸੁਭਾਅ ਦੀ ਇਹ ਇੱਛਾ ਕੁਦਰਤੀ ਹੈ ਤੇ ਸਮਾਜ ਲਈ ਚੰਗੀ ਵੀ।

ਆਪਣੀ ਨਜ਼ਰ ਵਿਚ ਚੰਗਾ ਬਣਨ ਦੀ ਲੋੜ—

ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣਨ ਦੀ ਇੱਛਾ ਮਾੜੀ ਨਹੀਂ, ਪਰ ਜੇ ਇਹ ਇਕ ਖਾਸ ਪਧਰ ਤੇ ਰਹੇ। ਦੂਜੇ ਸਾਨੂੰ ਦਿਲੋਂ ਚੰਗਾ ਸਮਝਣ ਇਹ ਚੰਗੀ ਇੱਛਾ ਹੈ, ਪਰ ਆਪਣੇ ਆਪ ਨੂੰ ਚੰਗਾ ਪਰਗਟ ਕਰਨਾ ਸੁਆ-ਰਥ ਹੈ ਤੇ ਇਸ ਹਾਲਤ ਵਿਚ ਧਖਾ ਵੀ, ਜਦ ਕਿ ਅਸੀਂ ਚੰਗੇ ਨਹੀਂ ਪਰ ਚੰਗੇ ਅਖਵਾਣਾ ਚਾਹੁੰਦੇ ਹਾਂ ਤੇ ਚੰਗੇ ਪਰਗਟ ਹੋਣਾ ਲੋਚਦੇ ਹਾਂ। ਇਹ ਇੱਛਾ ਚੰਗੀ ਹੈ ਜੇ ਸਾਨੂੰ ਚੰਗੇ ਗੁਣਾਂ ਲਈ ਪ੍ਰੇਰਨਾ ਦੇਵੇ। ਪਰ ਦੂਜਿਆਂ ਦੀ ਨਜ਼ਰ ਵਿਚ ਚੰਗਾ ਬਣਨ ਤੋਂ ਪਹਿਲਾਂ ਆਪਣੀ ਨਜ਼ਰ ਵਿਚ ਚਗਾ ਬਣ ਸਕਾਏ ਤਾਂ ਹੀ ਅਸਲ ਚੰਗਿਆਈ ਹੈ। ਜਿਸ ਦੇ ਆਪਣੇ ਮਨ ਵਿਚ ਹੀ ਆਪਣੇ ਗੁਣਾਂ ਦੀ ਕਦਰ ਨਹੀਂ, ਉਹ ਦੂਜਿਆਂ ਤੋਂ ਉਪਮਾ ਤੇ ਵਡਿਆਈ ਲੈਣ ਦਾ ਹਕਦਾਰ ਨਹੀਂ। ਜਿਸ ਦੇ ਮਨ ਵਿਚ ਆਪਣੇ ਗੁਣਾਂ ਦੀ ਕਦਰ ਹੈ, ਉਹ ਦੂਜਿਆਂ ਦੇ ਮਨਾਂ ਵਿਚ ਭੀ ਆਪਣ ਲਈ ਪੱਕੀ ਕਦਰ ਪੈਦਾਂ ਕਰ ਸਕਦਾ ਹੈ। ਪਰ ਜੋ ਔਗੁਣਾਂ ਨਾਲ ਭਰਪੂਰ ਹੈ ਤੇ ਜਿਸ ਨੇ ਪਖੰਡ ਕਰਕੇ ਹੀ ਇੱਜ਼ਤ ਪੈਦਾ ਕੀਤੀ ਹੋਈ ਹੈ, ਉਸ ਦੀ ਵਡਿਆਈ ਬਹੁਤੀ ਦੇਰ ਨਹੀਂ ਰਹਿ ਸਕਦੀ। ਜਦ ਵੀ ਪਖੰਡ ਦਾਂ ਪਾਜ ਖੁਲ੍ਹ ਗਿਆ ਤਾਂ ਉਸਦੀ ਥੋਥੀ ਵਡਿਆਈ ਖਤਮ ਹੋ ਜਾਏਗੀ। ਮੁਲੰਮਾ ਬਹੁਤੀ ਦੇਰ ਨਹੀਂ ਰਹਿ ਸਕਦਾ। ਕਦੇ ਕਾਗਜ਼ੀ ਫੁਲਾਂ ਵਿਚੋਂ ਵੀ ਖੁਸ਼ਬੋ ਆਈ ਹੈ?

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ—

ਲੋੜ ਇਸ ਗਲ ਦੀ ਹੈ ਕਿ ਅਸੀਂ ਆਪਣੇ ਆਪ ਦੀ ਪਛਾਣ ਕਰੀਏ। ਇਹ ਪਛਾਣ ਕੀ ਹੈ? ਆਪਣੇ ਮੂਲ ਦੀ ਸੋਝੀ ਤੇ ਆਪਣੀ ਹੁਣ ਦੀ ਅਵਸਥਾ ਜਾਣਨਾ ਹੀ ਆਪਣੇ ਆਪ ਦੀ ਪਛਾਣ ਹੈ। ਗੁਰੂ ਜੀ ਨੇ ਕਿਹਾ ਹੈ — "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥"* ਸਾਡਾ ਮੂਲ ਤਾਂ ਚੰਗਾ ਹੈ ਪਰ ਔਗੁਣ ਹੀ ਸਾਨੂੰ ਮਾੜਾ ਬਣਾ ਦੇਂਦੇ ਹਨ। ਆਪਣਾ ਆਪ ਪਛਾਣੇ ਬਿਨਾਂ ਮਨ ਤੋਂ ਭਰਮ ਦੀ ਮੈਲ ਨਹੀਂ ਉਤਰਦੀ—'ਜਨ ਨਾਨਕ ਬਿਨੁ



www.AKJ.Org

ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥"†

ਕਈ ਚਿੰਤਕਾਂ ਦਾ ਇਹ ਖਿਆਲ ਹੈ ਕਿ 'ਹਰ ਆਦਮੀ ਵਿਚ ਸਾਰੇ ਹੀ ਔਗੁਣਾਂ ਦੇ ਅੰਸ਼ ਮੌਜੂਦ ਹਨ। ਇਕ ਵਧਿਆ ਹੋਇਆ ਗੁਣ ਸਭ ਔਗੁਣਾਂ ਨੂੰ ਨੱਪ ਦੇਂਦਾ ਹੈ, ਜੇ ਨਪੇ ਨਾ ਵੀ ਤਾਂ ਘਟੋ ਘਟ ਢਕ ਜ਼ਰੂਰ ਦੇਂਦਾ ਹੈ। ਠੀਕ ਹੈ ਕਿ ਇਕ ਭਰਪੂਰ ਗੁਣ ਕਈ ਔਗੁਣਾਂ ਨੂੰ ਅਖੋਂ ਓਹਲੇ ਕਰ ਦੇਂਦਾ ਹੈ । ਇਕ ਬਹਾਦਰ ਆਦਮੀ ਵਿਚ ਕਈ ਔਗੁਣ ਹੁੰਦੇ ਹੋਏ ਭੀ ਲੋਕੀ ਉਸ ਦੀ ਬਹਾਦਰੀ ਦੀ ਕਦਰ ਕਰਦੇ ਹਨ ਤੇ ਔਗੁਣਾਂ ਵਲ ਧਿਆਨ ਨਹੀਂ ਦੇਂਦ। ਇੰਜ ਹੀ ਇਕ ਵਧਿਆ ਹੋਇਆ ਔਗੁਣ ਸਭ ਗੁਣਾਂ ਤੇ ਪਾਣੀ ਫੇਰ ਦਿੰਦਾ ਹੈ। ਇਕ ਸੁਧਾਰਕ ਜੇ ਵਿਭਚਾਰ ਕਰਨ ਲਗ ਜਾਏ ਜਾਂ ਕੋਈ ਆਗੂ ਜੇ ਐਬੀ ਬਣ ਜਾਏ ਤਾਂ ਉਨ੍ਹਾਂ ਦੀ ਉਪਮਾ ਤੇ ਵਡਿਆਈ ਕਿਹੜੇ ਖਾਤੇ ? ਵਾਸਤਵ ਵਿਚ ਚੰਗਿਆਈ ਚੰਗਾ ਹੋਣ ਵਿਚ ਹੈ, ਨਿਰਾ ਚੰਗਾ ਪ੍ਰਗਟ ਹੋਣ ਜਾਂ ਚੰਗਾ ਅਖਵਾਣ ਵਿਚ ਨਹੀਂ।

ਗੁਣ ਤੇ ਔਗੁਣ ਦੋਵੇਂ ਹੀ—

ਹਕੀਕਤ ਇਹ ਹੈ ਕਿ ਹਰ ਆਦਮੀ ਵਿਚ ਗੁਣ ਭੀ ਹਨ ਤੇ ਔਗੁਣ ਭੀ। ਜੋ ਆਪਣੇ ਗੁਣ ਤਾਂ ਪਰਗਟ ਕਰਦਾ ਹੈ ਪਰ ਔਗੁਨਾਂ ਵਲ ਧਿਆਨ ਹੀ ਨਹੀਂ ਕਰਦਾ ਹੈ ਉਸ ਦੇ ਗੁਣ ਤਾਂ ਮੁਸ਼ਕ ਕਾਫੂਰ ਵਾਂਗ ਉਡ ਜਾਂਦੇ ਹਨ। ਇੰਜ ਹੀ ਜੋ ਆਦਮੀ ਕੁਝ ਗੁਣ ਹੁੰਦਿਆਂ ਭੀ ਨਿਰੇ ਔਗੁਣ ਹੀ ਨਗੇ ਕਰਦਾ ਹੈ ਉਹ ਦੁਰਗੰਧ ਹੀ ਖਿਲਾਰਦਾ ਹੈ। ਜੋ ਆਪਣੇ ਔਗੁਣਾਂ ਵਲ ਧਿਆਨ ਦੇਂਦਾ ਤੇ ਹੋਰਾਂ ਸਾਹਮਣੇ ਔਗੁਣ ਮਨ ਸਕਦਾ ਹੈ ਉਹ ਛੇਤੀ ਸੁਧਰ ਸਕਦਾ ਹੈ ਪਰ ਜੋ ਔਗੁਣ ਨੂੰ ਭੀ ਗੁਣ ਤੇ ਆਚਰਨ ਦੇ ਘਾਟੇ ਨੂੰ ਭੀ ਵਾਧਾ ਪ੍ਰਗਟ ਕਰਦੇ ਹਨ ਉਹ ਛਲੀਏ ਤੇ ਬਹੁਤ ਹੀ ਨੀਵੇਂ ਹਨ। ਅਜੇਹੇ ਬੰਦੇ ਨਾ ਕੇਵਲ ਆਪਣਾ ਹੀ ਨਾਸ ਕਰਦੇ ਹਨ, ਸਗੋਂ ਉਸ ਸਭਾ ਜਾਂ ਸਮਾਜ ਨੂੰ ਭੀ ਨੁਕਸਾਨ ਪੁਚਾਂਦੇ ਹਨ ਜਿਸ ਵਿਚ ਉਹ ਵਿਚਰਦੇ ਹਨ।

ਔਗੁਣ ਘਟਦੇ ਹਨ, ਮਨ ਨੀਵਾ ਰਖਕੇ, ਨਿਮਰਤਾ ਕਰਕੇ। ਗੁਣ ਵਧਦੇ ਹਨ, ਬਿਬੇਕ ਬੁਧੀ ਦੁਆਰਾ ਤੇ ਸੁਰਤ ਉਚੀ ਰਖਕੇ। ਜਿਥੇ ਅਸੀਂ ਇਹ ਮੰਗ ਕਰਨੀ ਹੈ ਕਿ ਵਾਹਿਗੁਰੂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਹੋਰ ਔਗੁਨਾਂ ਤੋਂ ਬਚਾਵੇ ਉਥੇ ਇਹ ਅਰਦਾਸ ਵੀ ਕਰਨੀ ਹੈ ਕਿ — 'ਮਨ ਨੀਵਾਂ ਮਤ ਉੱਚੀ ਤੇ ਮਤ ਪਤ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ।" ਇਹ ਅਰਦਾਸ ਮਨ ਨੂੰ ਨਿਰਮਲ ਤੇ ਸੁਰਤ ਨੂੰ ਟਿਕਾਣੇ ਰਖਣ ਵਿਚ ਸਹਾਈ ਹੁੰਦੀ ਹੈ। ਨੀਵਾਂ ਮਨ ਤੇ ਉੱਚੀ ਸੁਰਤ ਆਚਰਣ ਦੀ ਉਸਾਰੀ ਲਈ ਬਹੁਤ ਜ਼ਰੂਰੀ ਹਨ।

ਮਾਨੁ ਸਭੈ ਕਉ ਖਾਇ--

ਔਗੁਣਾਂ ਤੋਂ ਬਚਣ ਤੇ ਗੁਣਾਂ ਨੂੰ ਧਾਰਨ ਕਰਨ ਵਿਚ ਵੀ ਉਸ ਦੀ ਆਪਣੀ ਮਿਹਰ ਦੀ ਲੋੜ ਹੈ। ਇਹ ਬਖਸ਼ਸ਼ ਅਰਦਾਸ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਇਹ ਕਿਰਪਾ ਆਪਾ ਵਾਰਨ ਵਿਚ ਹੈ। ਕਈ ਵੇਰੀ ਤਾਂ ਔਗੁਣਾਂ ਦੇ ਤਿਆਗ ਤੇ ਗੁਣਾਂ ਦੇ ਗ੍ਰਹਿਣ ਕਰਨ ਵਿਚ ਵੀ ਸਾਡੇ ਮਨ ਵਿਚ ਨਵੀਂ ਕਿਸਮ ਦਾ ਅਹੰਕਾਰ ਪੈਦਾ ਹੋਣ ਦਾ ਡਰ ਹੁੰਦਾ ਹੈ। ਕਈ ਵੇਰੀ ਨਿਰਮਾਣ ਨੂੰ ਆਪਣੀ ਨਿਰਮਾਣਤਾ ਦਾ ਹੀ ਮਾਣ ਹੋ ਜਾਂਦਾ ਹੈ।



www.AKJ.Org

ਸੋ ਆਪਣੇ ਅੰਦਰ ਗੁਣ ਉਪਜਾਣ ਤੇ ਔਗੁਣਾਂ ਨੂੰ ਖਤਮ ਕਰਨ ਵੇਲੇ ਇਸ ਮਾਣ ਦਾ ਧਿਆਨ ਭੀ ਜ਼ਰੂਰੀ ਹੈ। ਇਹ ਮਾਣ ਇਕ ਗੁਝਲਦਾਰ ਤੇ ਭੈੜੀ ਬੀਮਾਰੀ ਹੈ। ਇਸ ਤੋਂ ਕੋਈ ਵਿਰਲਾ ਹੀ ਬਚ ਸਕਿਆ ਹੈ। ਕਬੀਰ ਜ਼ੀ ਨੇ ਕਿਹਾ ਹੈ :

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*

ਇਸ ਮਾਣ ਤੋਂ ਬਚਣਾ ਮਾਇਆ ਤੋਂ ਬਚਨ ਨਾਲੋਂ ਵੀ ਔਖਾ ਹੈ।

ਹਰ ਕੋਈ ਚੰਗਾ ਬਣ ਸਕਦਾ ਹੈ-

ਹਰ ਕੋਈ ਅਮੀਰ ਨਹੀਂ ਬਣ ਸਕਦਾ। ਹਰ ਕੋਈ ਵਿਦਵਾਨ ਨਹੀਂ ਹੋ ਸਕਦਾ। ਹਰ ਕੋਈ ਉੱਚੀ ਪਦਵੀ ਪ੍ਰਾਪਤ ਕਰਕੇ ਜਸ ਨਹੀਂ ਖਟ ਸਕਦਾ। ਜੇ ਇੰਜ ਹੋ ਸਕਦਾ ਤਾਂ ਹਰ ਕੋਈ ਅਮੀਰ, ਲਾਇਕ ਤੇ ਵਡਾ ਬਣ ਜਾਂਦਾ। ਪਰ ਨੇਕ ਤਾਂ ਹਰ ਕੋਈ ਬਣ ਸਕਦਾ ਹੈ। ਆਚਰਣ ਤਾਂ ਹਰ ਕੋਈ ਬਣਾ ਸਕਦਾ ਹੈ। ਇਸ ਤਾਂ ਸਾਡੇ ਆਪਣੇ ਵਸ ਦੀ ਗਲ ਹੈ ਕਿ ਸਚ ਬੋਲੀਏ, ਧਰਮ ਅਨੁਸਾਰ ਜੀਵਨ ਬਤੀਤ ਕਰੀਏ। ਸਦਾਚਾਰੀ ਬਣਨ ਲਈ ਸਭ ਤੋਂ ਪਹਿਲਾਂ ਮਨ ਹੈ ਨੂੰ ਸੁਧਾਰਨਾ ਜ਼ਰੂਰੀ ਹੈ। ਮਨ ਨੂੰ ਸਾਧਨਾ ਹੈ। ਮਨ ਹੈ ਸਾਡੇ ਖਿਆਲਾਂ ਦਾ ਬਣਿਆ ਹੋਇਆ। ਹਰ ਖਿਆਲ ਤੇ ਹਰ ਫੁਰਨਾ ਸਾਡੇ ਮਨ ਦਾ ਉਪਜ ਹੈ। ਮਨ ਹਰ ਵੇਲੇ ਚੰਗੇ ਮੰਦੇ ਖਿਆਲਾਂ ਵਿਚ ਰੁਝਿਆ ਹੋਇਆ ਹੈ। ਜੇ ਨਾਮ ਦੁਆਰਾ ਮਨ ਵਿਚੋਂ ਭੈੜੇ ਖਿਆਲ ਕਢ ਦਈਏ ਤੇ ਚੰਗੇ ਫ਼ੁਰਨੇ ਹੀ ਪੈਦਾ ਹੋਣ ਤਾ ਸਮਝੋ ਆਚਾਰ ਚੰਗਾ ਹੋ ਗਿਆ ਤੇ ਅਸੀਂ ਨੇਕ ਬਣ ਗਏ।

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥*

ਚੌਧਰ ਦੀ ਭੁਖ-

ਜਦ ਤਕ ਲੋਕੀ ਸਦਾਚਾਰ ਨੂੰ ਸਮਝਣ ਵਾਲੇ ਨਹੀਂ ਹੁੰਦੇ ਤੇ ਉਨ੍ਹਾਂ ਵਿਚ ਆਚਰਣ ਦੀ ਪਕੇਜ ਨਹੀਂ ਆ ਜਾਂਦੀ ਜੀਵਨ ਦੇ ਵਖ ਵਖ ਪੱਖਾਂ ਵਿਚ ਸੰਪੂਰਨ ਸਫਲਤਾ ਤੇ ਅਨੰਦ-ਭਰਪੂਰ ਵਾਤਾਵਰਨ ਕਠਨ ਹੈ। ਬਦਕਿਸਮਤੀ ਤਾਂ ਇਹ ਹੈ ਕਿ ਅਜ ਅਧਿਕਾਰਾਂ ਤੇ ਹੱਕਾਂ ਦੀ ਵਧੇਰੇ ਚਰਚਾ ਹੈ, ਫ਼ਰਜਾਂ ਦੀ ਪਛਾਣ ਘਟਦੀ ਜਾ ਰਹੀ ਹੈ। ਜੇ ਕਿਧਰੇ ਅਸੀਂ ਫਰਜ਼ ਨਿਭਾਣ ਲਗ ਜਾਈਏ ਤਾਂ ਅਧਿਕਾਰ ਆਪੇ ਹੀ ਸਾਡੇ ਮਗਰ ਲਗੇ ਫਿਰਨ। ਪਰ ਅਫਸੋਸ ਤਾਂ ਇਹ ਹੈ ਕਿ ਤੰਦ ਹੀ ਨਹੀਂ. ਤਾਣੀ ਵਿਗੜੀ ਪਈ ਹੈ। ਹੇਠੋਂ ਲੇਕੇ ਉਪਰ ਤਕ ਸਾਰੀ ਲੋਕਾਈ ਅਧਿਕਾਰਾਂ ਤੇ ਚੌਧਰ ਦੇ ਫਿਕਰ ਵਿਚ ਹੈ। ਅਜ ਸਭ ਗਲਾਂ ਮਾਇਕ ਨੁਕਤੇ ਤੋਂ ਹੀ ਸੋਚਿਆਂ ਜਾਂਦੀਆਂ ਹਨ ਇਖਲਾਕ ਦੀਆਂ ਕੀਮਤਾਂ ਤੇ ਜ਼ੋਰ ਨਹੀਂ ਦਿਤਾ ਜਾਂਦਾ।

ਗ਼ਰੀਬਾਂ ਨਾਲੋਂ ਅਮੀਰਾਂ ਵਿਚ ਵਧ ਦੁਰਾਚਾਰੀ-

ਕਈ ਇਹ ਕਹਿੰਦੇ ਹਨ ਕਿ : 'ਰੋਟੀ ਦਾ ਮਸਲਾ ਹੈ। ਪੇਟੋਂ ਭੁਖੇ, ਗ਼ਰੀਬ, ਦੁਰਾਚਾਰੀ ਹੋ ਕੇ



www.AKJ.Org

ਭੈੜਿਆਂ ਤਰੀਕਿਆਂ ਨਾਲ ਕਮਾਈ ਨਾ ਕਰਨ ਤਾਂ ਕੀ ਕਰਨ ?' ਇਹ ਠੀਕ ਹੈ ਕਿ ਕੋਈ ਵੀ ਘਟੋ ਘਟ ਢਿਡ ਭਰਕੇ ਅੰਨ ਪਾਣੀ ਖਾਏ ਬਿਨਾਂ ਕੰਮ ਨਹੀਂ ਕਰ ਸਕਦਾ । ਪਰ ਦੇਖਣਾ ਤਾਂ ਇਹ ਹੈ ਕਿ ਜੋ ਰੱਜੇ ਹੋਏ ਹਨ, ਕੀ ਉਹ ਸਾਰੇ ਸਦਾਚਾਰੀ ਹੀ ਹਨ ? ਜੇ ਅੰਕੜੇ ਲਏ ਜਾਣ ਤੇ ਸ਼ਾਇਦ ਆਚਰਣ ਹੀਣ ਮਨੁਖਾਂ ਵਿਚੋਂ ਗਰੀਬਾਂ ਨਾਲੋਂ ਵਧੇਰੇ ਅਮੀਰ ਹੀ ਹੋਣਗੇ । ਅਮੀਰਾਂ ਦੇ ਮੰਦੇ ਕੰਮ ਮਾਇਆ ਨਾਲ ਢਕੇ ਜਾਂਦੇ ਹਨ । ਇਹ ਠੀਕ ਹੈ ਕਿ ਕਈ ਗਰੀਬਾਂ ਭੁਖ ਤੋਂ ਤੰਗ ਆ ਕੇ ਭੈੜੇ ਰਾਹ ਫੜ ਲੈਂਦੇ ਹੋਣ, ਪਰ ਰੱਜੇ ਪੁਜੇ ਧਨਾਢ ਦੁਰਾਚਾਰੀ ਕਿਉਂ ਬਣਦੇ ਹਨ ? ਆਚਰਣ ਦਾ ਸੰਬੰਧ ਮਾਇਆ ਨਾਲ ਇਤਨਾ ਨਹੀਂ, ਜਿਤਨਾ ਮਾਇਕ ਰੁਚੀ ਤੇ ਮਾਇਆ ਦੀ ਅਯੋਗ ਵਰਤੋਂ ਨਾਲ ਹੈ । ਜੇ ਅਜ ਧਨਾਢ ਲੋਕੀ, ਸੁਆਰਥ ਛਡਕੇ, ਜਨਤਾ ਦੇ ਸਚੇ ਸੇਵਕ ਬਣ ਜਾਣ ਤੇ ਮੈਦਾਨ ਵਿਚ ਨਿਤਰ ਪੈਣ ਅਤੇ ਦੂਜਿਆਂ ਨੂੰ ਵਰਤਣ ਦੀ ਥਾਂ ਆਪ ਉਨ੍ਹਾਂ ਦੀ ਸੇਵਾ ਵਿਚ ਜੁਟ ਜਾਣ ਤਾਂ ਨਕਸ਼ਾ ਹੀ ਬਦਲ ਜਾਏ । ਪਰ ਇਸ ਲਈ ਨਿਤ ਦੀ ਜਿੱਲ੍ਹਣ ਵਿਚੋਂ ਨਿਕਲਦੇ ਪਕੇਜ ਵਾਲਾ ਆਚਰਣ ਉਸਾਰਨਾ ਅਤੀ ਜ਼ਰੂਰੀ ਹੈ, ਜੋ ਕਿ ਸਚੇ ਧਰਮ ਦੀ ਸੂਝ ਬੂਝ ਤੇ ਉਸ ਤੇ ਅਮਲ ਤੋਂ ਹੀ ਪ੍ਰਾਪਤ ਹੋ ਸਕਦਾ ਹੈ ।

ਸਭ ਧਰਮਾਂ ਵਿਚ ਸਦਾਚਾਰ ਦੀ ਸਾਂਝ-

ਸਦਾਚਾਰ ਦੀਆਂ ਦੋ ਕੀਮਤਾਂ ਨਹੀਂ ਹੋ ਸਕਦੀਆਂ । ਜਿਵੇਂ ਸੱਚ ਦੀ ਇਕੋ ਹੀ ਕਸਵਟੀ ਹੈ। ਆਚਰਣ ਦੇ ਪਧਰ ਜਾਂ ਮਿਆਰ ਵੀ ਦੋ ਨਹੀਂ ਹੋ ਸਕਦੇ । ਸਦਾਚਾਰ ਲਈ ਵਖ ਵਖ ਗੁਣ ਹਨ : ਸਦਭਾ-ਵਨਾ, ਸਚ, ਦਇਆ, ਸੰਤੋਖ, ਨਿਮਰਤਾ, ਸੇਵਾ ਤੇ ਕੁਰਬਾਨੀ ਆਦਿ । ਇਨ੍ਹਾਂ ਗੁਣਾਂ ਨਾਲ ਭਰਪੂਰ ਜੀਵਨ ਸੱਚ ਸਦਾਚਾਰ ਦਾ ਨਮੂਨਾ ਕਿਹਾ ਜਾ ਸਕਦਾ ਹੈ । ਸਤਿਗੁਰਾਂ ਨੇ ਜੋ ਗੁਣ ਆਪ ਆਪਣੇ ਜੀਵਨ ਵਿਚ ਢਾਲ ਕੇ ਰੂਪਮਾਨ ਕੀਤੇ ਤੇ ਹੋਰਾਂ ਨੂੰ ਪੂਰਨੇ ਪਾ ਕੇ ਉਨ੍ਹਾਂ ਤੇ ਤੁਰਨ ਦੀ ਪ੍ਰੇਰਨਾ ਦਿਤੀ ਉਹ ਸਾਡੇ ਲਈ ਸਦਾਚਾਰ ਦੇ ਟੀਚੇ ਹਨ । ਇਹ ਗੁਣ ਹੀ ਬਰ ਤੇ ਮਨੁਖ, ਮਨੁਖ ਦੇ ਮਨੁਖ ਨਾਲ ਸੰਬੰਧ ਜੋੜੀ ਰਖਦੇ ਹਨ ਤੇ ਮਨੁਖ ਨੂੰ ਉਸ ਦੇ ਆਪੇ ਦੀ ਪਛਾਣ ਵਿਚ ਸਹਾਈ ਹੁੰਦੇ ਹਨ । ਇਹ ਗੁਣ ਅੰਦਰ ਦੀ ਸੂਝ ਤੇ ਬਾਹਰ ਦਾ ਗਿਆਨ ਪ੍ਰਾਪਤ ਕਰਨ ਵਿਚ ਵੀ ਸਹਾਈ ਹੁੰਦੇ ਹਨ । ਜਿਸ ਨੂੰ ਆਚਰਣ ਦੇ ਉੱਚੇ ਪਧਰ ਦੀ ਸੂਝ ਹੋ ਜਾਏ ਤੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਪਰੇਰਨਾ, ਉਤਸ਼ਾਹ ਤੇ ਬਲ ਮਿਲ ਜਾਏ ਉਸ ਨੂੰ ਫਿਰ ਜੀਵਨ ਦੀਆਂ ਨਿਸਚਿਤ ਤੇ ਸੱਚੀਆਂ ਕੀਮਤਾਂ ਤੇ ਸੁਚੱਜੀ ਜੀਵਨ ਜਾਚ ਦਾ ਵੀ ਗਿਆਨ ਹੋ ਜਾਂਦਾ ਹੈ । ਉਸ ਦੀ ਦ੍ਰਿਸ਼ਟੀ ਕੋਣ ਵਿਚ ਨੇਕ-ਨੀਤੀ ਤੇ ਨਿਤ ਦੇ ਵਿਵਹਾਰ ਵਿਚ ਸਚਾਈ ਪਰਵੇਸ਼ ਕਰਨ ਲਗਦੀ ਹੈ । ਉਸ ਦਾ ਜੀਵਨ ਨਿੱਗਰ ਤੇ ਉਸਾਰੂ ਹੁੰਦਾ ਹੈ । ਇਹੋ ਜਿਹੇ ਮਹਾਂ ਪੁਰਸ਼ ਦੀ ਸੁਰਤ ਉੱਚੀ ਤੇ ਜੀਵਨ ਵਿਚ ਪਕੇਜ ਹੁੰਦਾ ਹੈ । ਉਸ ਦੇ ਜੀਵਨ ਦੇ ਵਖ ਵਖ ਪੱਖਾਂ ਵਿਚ ਇਤਨਾ ਸੁਮੇਲ ਤੇ ਇਕ-ਸੁਰਤਾ ਹੁੰਦੀ ਹੈ ਕਿ ਉਹ ਅਡੋਲ ਹੀ ਆਪਣੇ ਉੱਚੇ ਨਿਸ਼ਾਨੇ ਵਲ ਤੁਰੀ ਜਾਂਦਾ ਹੈ । ਉਸ ਦੇ ਜੀਵਨ ਦਾ ਆਪ ਮੁਹਾਰੇ ਹੀ ਦੂਜਿਆਂ ਤੇ ਅਸਰ ਪੈਂਦਾ ਹੈ।ਉਸ ਦੀ ਸ਼ਖਸੀਅਤ ਦਾ ਕੰਮ ਉਸਾਰੀ ਲਈ ਜਾਦੂ ਭਰਿਆ ਪਰਭਾਵ ਹੁੰਦਾ ਹੈ।



www.AKJ.Org

ਆਚਰਣ ਦੇ ਅਜਿਹੇ ਗੁਣ ਧਰਮ ਹੀ ਘੜਦਾ ਹੈ ਤੇ ਧਰਮ ਹੀ ਇਨ੍ਹਾਂ ਨੂੰ ਅਪਮਾਣ ਤੇ ਜੀਵਨ ਵਿਚ ਢਾਲਣ ਦੀ ਪਰੇਰਨਾ ਕਰਦਾ ਹੈ । ਜੋ ਮਹਾਂ ਪੁਰਸ਼ ਅਜੇਹੇ ਜੀਵਨ ਦੇ ਉੱਚੇ ਤੇ ਅਮਲੀ ਨਮੂਨੇ ਪੇਸ਼ ਕਰਦੇ ਹਨ ਤੇ ਚਾਨਣ ਮੁਨਾਰੇ ਬਣਕੇ ਹੋਰਾਂ ਦੀ ਅਗਵਾਈ ਕਰਦੇ ਹਨ, ਉਹ ਧਾਰਮਕ ਆਗੂ ਹੁੰਦੇ ਹਨ । ਰਬ ਨਾਲ ਪਿਆਰ ਤੇ ਮਨੁਖਤਾ ਦੀ ਸੇਵਾ ਉਨ੍ਹਾਂ ਦਾ ਉਦੇਸ਼ ਹੁੰਦਾ ਹੈ । ਅਜੇਹੇ ਧਾਰਮਕ ਆਗੂਆਂ ਦੇ ਧਰਮਾਂ ਦੇ ਬਾਹਰ-ਮੁਖੀ ਰੂਪ ਭਾਵੇਂ ਕਿਹੋ ਜਿਹੇ ਹੋਣ, ਰਹੁ-ਰੀਤਾਂ ਵਿਚ ਭਾਵੇਂ ਅੰਤਰ ਹੋਵੇ, ਉਨ੍ਹਾਂ ਵਿਚ ਇਕ ਸਾਂਝ ਜ਼ਰੂਰੀ ਹੁੰਦੀ ਹੈ ਤੇ ਉਹ ਸਾਂਝ ਹੈ ਸਦਾਚਾਰ ਦੀ, ਸਚ ਤੇ ਨਿਆਂ ਦੀ ।

ਸਦਾਚਾਰਕ ਪੱਕੇਜ- ਚੰਗਾ ਆਚਰਣ ਇਕ ਅਜੇਹਾ ਗੁਣ ਹੈ ਜੋ ਸਭ ਵਿਚ ਹੋਣਾ ਜ਼ਰੂਰੀ ਹੈ: ਪਰ ਕੋਈ ਵੇਰ ਉਚ ਆਚਰਣ ਤੋਂ ਹਉਮੈ ਦੀ ਬੀਮਾਰੀ ਦਾ ਖਤਰਾ ਵੀ ਹੋ ਸਕਦਾ ਹੈ । ਜੇ ਇੰਜ ਹਉਮੈ ਹੋ ਜਾਏ ਤਾਂ ਕਈ ਵੇਰਾਂ ਚੰਗੇ ਤੋਂ ਚੰਗੇ ਆਚਰਣ ਵਾਲਾ ਵੀ ਨੀਵੇਂ ਪਧਰ ਤੇ ਆ ਡਿਗਦਾ ਹੈ । ਚੰਗਾ ਆਚਰਣ ਕਾਇਮ ਰਖਣ ਲਈ ਨਿਮਰਤਾ ਜ਼ਰੂਰੀ ਹੈ । ਨਿਮਰਤਾ ਦਾ ਗੁਣ ਵਾਹਿਗੁਰੂ ਅਗੇ ਅਰਦਾਸ ਨਾਲ ਹੀ ਮਿਲਦਾ ਹੈ । ਇਹ ਸਭ ਕੁਝ ਧਰਮ ਹੀ ਸਿਖਾਂਦਾ ਹੈ । ਧਰਮ ਦੀ ਟੇਕ ਤੇ ਆਸਰਾ ਜ਼ਰੂਰੀ ਹੈ । ਹਰ ਤਰ੍ਹਾਂ ਦੇ ਚਗੇ ਸੁਭਾਅ ਤ ਚੰਗੀਆਂ ਆਦਤਾਂ ਗ੍ਰਹਿਣ ਕਰਨ ਲਈ ਤ ਜੀਵਨ ਦੇ ਵਖ ਵਖ ਪਖਾਂ ਵਿਚ ਉੱਨਤੀ ਕਰਨ ਤੇ ਅਡਲ ਰਹਿਣ ਲਈ ਸਦਾਚਾਰ ਦੇ ਨਾਲ ਨਾਲ ਧਰਮ ਵੀ ਜ਼ਰੂਰੀ ਹੈ । ਦਲੀਲ ਤੇ ਤਜਰਬਾ ਉੱਨਤੀ ਲਈ ਅਤਿ ਲੋੜੀਂਦੇ ਹਨ ਪਰ ਸਦਾਚਾਰ ਦੀ ਅਸਲ ਪਕੇਜ ਧਰਮ ਬਿਨਾਂ ਨਹੀਂ ਹੋ ਸਕਦੀ । ਜ਼ਿੰਦਗੀ ਦੀ ਖੁਸ਼ਹਾਲੀ ਧਾਰਮਕ ਅਸੂਲਾਂ ਤੇ ਨੇਮਾਂ ਉਤੇ ਅਮਲ ਕੀਤੇ ਬਿਨਾਂ ਨਹੀਂ ਆ ਸਕਦਾ । ਮਨੁਖਤਾ ਨੇ ਕਈ ਪੱਖਾਂ ਤੋਂ ਤਰੱਕੀ ਕੀਤੀ ਹੈ । ਖਾਸ ਕਰ ਵਿਗਿਆਨ ਵਿਚ ਬੜੀ ਉਨਤੀ ਹੁੰਦੀ ਜਾ ਰਹੀ ਹੈ, ਪਰ ਮਨ ਦੀ ਸ਼ਾਂਤੀ ਘਟਦੀ ਜਾ ਰਹੀ ਹੈ, ਤੇ ਸੰਸਾਰ ਦਾ ਅਭਾਵ ਤੇ ਧਰਮ ਦੀਆਂ ਨੀਹਾਂ ਉਤੇ ਉਸਰੇ ਹੋਏ ਸਦਾਚਾਰਕ ਜੀਵਨ ਦਾ ਘਾਟਾ ।

ਤਿੰਨਾਂ ਗੱਲਾਂ ਦੀ ਸੂਝ ਤੇ ਸੁਮੇਲ-

ਜੇ ਆਪਣੇ ਆਪ ਦੀ ਸੂਝ ਨਹੀਂ, ਜੇ ਆਚਰਣ ਦੀਆਂ ਕੀਮਤਾਂ ਦੀ ਕਦਰ ਨਹੀਂ ਤਾਂ ਕੇਵਲ ਮਾਇਕ ਪਦਾਰਥਾਂ ਤਕ ਪਹੁੰਚੇ ਤੇ ਇਨ੍ਹਾਂ ਉਤੇ ਕਬਜ਼ੇ ਨਾਲ ਮਨੁਖਤਾ ਨੂੰ ਕੋਈ ਲਾਭ ਨਹੀਂ ਹੋ ਸਕਦਾ । ਆਪੇ ਦੀ ਸੂਝ ਆਚਰਣ ਦੀ ਉਸਾਰੀ ਲਈ ਮੁਢਲਾ ਤੇ ਜਰੂਰੀ ਕਦਮ ਹੈ ਅਤੇ ਮਨ ਦੀ ਜਿਤ ਇਸ ਦੀ ਟੀਸੀ ਹੈ ।

ਮਾਇਕ ਪਦਾਰਥਾਂ ਦੇ ਲਾਲ ਨਾਲ ਹੇਠ ਲਿਖੀਆਂ ਤਿੰਨ ਗੱਲਾਂ ਦੀ ਠੀਕ ਸਮਝ ਤੇ ਇਨ੍ਹਾਂ ਦਾ ਸੁਮੇਲ ਜ਼ਰੂਰੀ ਹੈ-

(੧) ਮਨੁਖ ਦਾ ਰਬ ਨਾਲ ਸੰਬੰਧ

(੨) ਮਨ ਦਾ ਆਪਣੇ ਆਪ ਨਾਲ ਸੰਬੰਧ ।



www.AKJ.Org

(੩) ਮਨੁਖ ਦਾ ਹੋਰ ਮਨੁਖਾਂ ਤੇ ਜੀਵਾਂ ਨਾਲ ਸੰਬੰਧ ।

ਇਨ੍ਹਾਂ ਦੀ ਸਮਝ ਤੇ ਵਰਤੋਂ ਸਦਾਚਾਰ ਹੀ ਤਾਂ ਹੈ । ਮਨੁਖ ਦਾ ਸਮਾਜਕ ਜੀਵਨ ਤਦ ਤਕ ਸਾਂਵਾਂ ਨਹੀਂ ਰਹਿ ਸਕਦਾ ਜਦ ਤਕ ਕਿ ਰਾਜ ਵਿਚ ਨਿਆਂ ਤੇ ਸੁਸ਼ੀਲਤਾ ਨਾ ਹੋਵੇ । ਇੰਜ ਹੀ ਵਿਅਕਤੀਗਤ ਤੇ ਸਮੂਹਕ ਰੂਪ ਵਿਚ ਜੇ ਇਕ ਦੂਜੇ ਦੇ ਖਿਆਲਾਂ ਬਾਰੇ ਸਤਿਕਾਰ ਤੇ ਸਹਿਨ ਸ਼ਕਤੀ ਦਾ ਅਭਾਵ ਹੈ ਤਾਂ ਵੀ ਅਸ਼ਾਂਤੀ ਹੀ ਹੈ । ਸਮਾਜ ਤੇ ਰਾਜ ਦੇ ਇਹ ਸਾਰੇ ਗੁਣ ਸਦਾਚਾਰ ਹੀ ਸਿਖਾਂਦਾ ਹੈ। ਸਮਾਜ ਦੀ ਹਰ ਪੱਖ ਤੋਂ ਤਰੱਕੀ ਸਦਾਚਾਰ ਅਤੇ ਚੰਗੇ ਆਚਰਨ ਦੀ ਪਰਖ ਤੇ ਨਿਰਭਰ ਹੈ।

ਚੰਗੇ ਆਚਰਣ ਦੀ ਪਰਖ-

ਪਰ ਸਦਾਚਾਰ ਦੀ ਕਸਵੱਟੀ ਕੀ ਹੈ ? ਚੰਗੇ ਆਚਰਣ ਲਈ ਕੀ ਪਧਰ ਮਿਥਿਆ ਜਾ ਸਕਦਾ ਹੈ ? ਹਰ ਮਨੁਖ ਦੇ ਜ਼ਾਤੀ ਤੇ ਮਨੁਖਾਂ ਦੇ ਜਮਾਤੀ ਕਰਮਾਂ ਦੇ ਠੀਕ ਜਾਂ ਗਲਤ ਨਿਰਣਾ ਕਰਨ ਲਈ ਧਰਮ ਹੀ ਇਕ ਕਸਵੱਟੀ ਹੈ । ਜੋ ਅਸੀਂ ਧਰਮ ਦੀ ਰੋਸ਼ਨੀ ਵਿਚ ਉਸ ਦਾ ਹੁਕਮ ਮੰਨਕੇ ਕਰਦੇ ਹਾਂ, ਉਹ ਤਾਂ ਠੀਕ ਹੈ ਤੇ ਜੋ ਉਸਦੇ ਭਾਣੇ ਨੂੰ ਸਮਝ ਬਿਨਾਂ ਧਾਰਮਕ ਰਹੁ-ਰੀਤਾਂ ਤੇ ਕੀਮਤਾਂ ਦੇ ਉਲਟ ਕਰਦੇ ਹਾਂ ਉਹ ਗਲਤ ਹੈ । ਜਦ ਤਕ ਅਸੀਂ ਇਸ ਨੇਮ ਤੇ ਅਸੂਲ ਦੇ ਧਾਰਨੀ ਨਹੀਂ ਹੁੰਦੇ ਤੇ ਆਪਣੇ ਜੀਵਨ ਇਸ ਮੁਤਾਬਕ ਨਹੀਂ ਢਾਲਦੇ, ਅਸੀਂ ਜੀਵਨ ਦੀਆਂ ਉਨ੍ਹਾਂ ਟੀਸੀਆਂ ਤੇ ਪੱਧਰਾਂ ਨੂੰ ਨਹੀਂ ਛੁਹ ਸਕਦੇ ਜੋ ਕਿ ਸਾਡੀ ਸਾਂਵੀਂ, ਸੁਖਾਵੀਂ ਤੇ ਉਸਾਰੂ ਜ਼ਿੰਦਗੀ ਲਈ ਜ਼ਰੂਰੀ ਹਨ । ਪਰ ਇਹ ਅਸੂਲ ਅਤੇ ਨੇਮ ਇਕ ਸੱਚਾ ਧਰਮ ਹੀ ਮਿਥ ਸਕਦਾ ਹੈ ।

ਜੇ ਕਿਸੇ ਮਨੁਖ ਨੇ ਜੀਵਨ ਦੀਆਂ ਇਨ੍ਹਾਂ ਟੀਸੀਆਂ ਨੂੰ ਛੁਹਣਾ ਹੈ ਤਾਂ ਉਸ ਨੂੰ ਆਪਣੀ ਨਿਤ ਦੀ ਜ਼ਿੰਦਗੀ ਖਾਸ ਵਿਉਂਤ ਵਿਚ ਢਾਲਣੀ ਹੋਏਗੀ । ਇਹੀ ਨਿੱਤ-ਨੇਮ ਹੈ ਤੇ ਇਹੋ ਰਹਿਤ ਹੈ। ਹੋਰ ਕੋਈ ਰਾਹ ਨਹੀਂ । ਇਹ ਨਹੀਂ ਹੋ ਸਕਦਾ ਕਿ ਦਿਨ ਦੀਆਂ ਕੁਝ ਘੜੀਆਂ ਤਾਂ ਇਕ ਵਿਉਂਤ ਨਾਲ ਬਿਤਾ ਲਈਏ ਤੇ ਬਾਕੀ ਦੀਆਂ ਕਿਸੇ ਹੋਰ ਵਿਉਂਤ ਅਨੁਸਾਰ । ਜੀਵਨ ਦਾ ਕੁਝ ਹਿਸਾ ਕਿਸੇ ਨੇਮ ਮੁਤਾਬਕ ਤੇ ਬਾਕੀ ਦਾ ਕਿਸੇ ਹੋਰ ਰਹਿਤ ਅਧੀਨ । ਜੋ ਕੋਈ ਇੰਜ ਸੋਚਦਾ ਹੈ ਤਾਂ ਉਹ 'ਸੁਪਨਿਆਂ ਦੇ ਸੰਸਾਰ' ਵਿਚ ਵਿਚਰ ਰਿਹਾ ਹੈ । ਇਹ ਖਿਆਲ ਉਸ ਦੇ ਜੀਵਨ ਲਈ ਇਕ ਖਤਰਨਾਕ ਭੁਲੇਖਾ ਸਾਬਤ ਹੋਏਗਾ । ਜੀਵਨ-ਸੇਧ ਤਾਂ ਇਕੋ ਹੀ ਹੋਣੀ ਚਾਹੀਦੀ ਹੈ।ਹਰ ਪਲ,ਹਰਛਿਨ ਹਰ ਘੜੀ ਇਕੋ ਹੀ ਸੇਧ ਹੋਣੀ ਚਾਹੀਦੀ ਹੈ। ਸਡ ਵਿਚਾਰ ਤੇ ਖਿਆਲ, ਆਦਰਸ਼ ਤ ਉਦੇਸ਼, ਕੰਮ ਤੇ ਕਰਮ ਸਾਡੇ ਨਿਤ ਦੇ ਜੀਵਨ ਦਾ ਇਕ ਨੇਮ ਹਨ, ਹਿੱਸਾ ਹਨ । ਇਨ੍ਹਾ ਦੇ ਆਸਰੇ ਹੀ ਆਚਰਣ ਦੀ ਉਸਾਰੀ ਹੁੰਦੀ ਹੈ ਤੇ ਆਚਰਣ ਹੀ ਸਾਡ ਜੀਵਨ-ਚੱਕਰ ਦਾ ਧਾਰਾ ਹੈ ।

-ਚਲਦਾ-



www.AKJ.Org

## AUTOBIOGRAPHY

OF

# Bhai Sahib Randhir Singh

Translated with introductory Thesis

**BY**

# Dr. Trilochan Singh

ਡਾ: ਏ. ਸੀ. ਬੈਨਰਜੀ ਸਿਖ ਇਤਿਹਾਸ ਤੇ ਰਾਜਪੂਤਾਨਾਂ ਦੇ ਇਤਿਹਾਸ ਦੇ ਚੋਟੀ ਦੇ ਵਿਦਵਾਨ ਹਨ । ਇਹ ਕਲਕਤਾ ਯੂਨੀਵਰਸਟੀ ਦੇ ਪ੍ਰੋ: ਵਾਇਸਚਾਂਸਲਰ ਰਹੇ ਹਨ । ਅਜ ਕਲ ਯਾਦਵਪੁਰ ਯੂਨੀਵਰ-ਸਟੀ ਵਿਚ ਸਿਖ ਇਤਿਹਾਸ ਤੇ ਕਲਚਰ ਦੇ ਪ੍ਰੋਫੈਸਰ ਹਨ ਇਸ ਪੁਸਤਕ ਨੂੰ ਪੜ੍ਹ ਕੇ ਉਹ ਲਿਖਦੇ ਹਨ ।

I had heard of Bhai Sahib Randhir Singh in connection with the history of the revolationery movement, but I never knew that he was a God-intoxicited man. The book cast a spell on me : I read it continously for two days and shall read it again. I show how Sikhism remains a living and active religous force even in the 20th century. A community which can produce such a man can give our country and the world knew values and ideals."

**(Dr.) A. C. Banerjee**
**Jadavpur University**
Culcutta

| | |
|---|---|
| Excellent get up | Price. Rs 20 |
| Demy Octavo | Shillings. 35 |
| 448+70 Pages | Dollers. 5 |

asonable discount will be given to Booksellers

**BHAI SAHIB RANDHIR SINGH PUBLISHING HOUSE**
126 Model Town, Ludhiana-2
PUNJAB (India)




www.AKJ.Org

# ? ਇਸ਼ਤਹਾਰ ?

# ਕਿਥੋਂ ਕੀ ਮਿਲਦਾ ਹੈ ?

| ਨੰ: | ਵਸਤ | ਮਿਲਣ ਦਾ ਪਤਾ |
|---|---|---|
| 1. | (ੳ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ (ਅ) ਜੇਲ੍ਹ ਚਿਠੀਆਂ ਦਾ ਅੰਗਰੇਜੀ ਤਰਜਮਾ । | ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਉਨ, ਲੁਧਿਆਨਾ । |
| 2. | ਹਰ ਕਿਸਮ ਦੀਆ ਧਾਰਮਕ ਪੁਸਤਕਾਂ । | (ੳ) ਸਿੰਘ ਬਰਾਦਰਜ਼ ਬਜਾਰ ਮਾਈ ਸੇਵਾਂ ਅੰਮ੍ਰਿਤਸਰ ।<br>(ਅ) ਖਾਲਸਾ ਬਰਾਦਰਜ਼ ਬਜਾਰ ਮਾਈ ਸੇਵਾਂ ਅੰਮ੍ਰਿਤਸਰ । |
| 3. | ਕਿਰਪਾਨਾਂ (ਭਿੰਡਰਾ ਦੇ ਨਮੂਨੇ ਵਾਲੀਆ) | (ੳ) ਭਾ: ਇੰਦਰਜੀਤ ਸਿੰਘ ਜੀ, ਕਿਰਪਾਨਾਂ ਵਾਲੇ, 2 ਅਜੀਤ ਨਗਰ, ਅੰਮ੍ਰਿਤਸਰ ।<br>(ਅ) ਭਾ: ਇੰਦਰ ਸਿੰਘ ਜੀ ਕਿਰਪਾਨਾਂ ਵਾਲੇ ਪਿੰਡ ਤੇ ਡਾਕਖਾਨਾ ਰਤਵਾਲ ਜਿਲਾ ਲੁਧਿਆਨਾ। |
| 4. | ਖੰਡੇ (ਦਸਤਾਰ ਤੇ ਸਜਾਉਨ ਵਾਲੇ) ਸਿਮਰਨੇ ਤੇ ਜੋੜਿਆਂ ਦੇ ਨੰਬਰ । | ਭਾ: ਕਿਰਪਾਲ ਸਿੰਘ. ਖਾਲਸਾ ਨਿਸ਼ਾਨ ਮੇਕਰਜ਼, 90 ਲਾਲ ਕੁਆਰਟਰ, ਆਜਾਦ ਨਗਰ ਮਾਰਕੀਟ ਲੁਧਿਆਣਾ । |
| 5. | ਸਰਬ ਲੋਹੇ ਦੇ ਭਾਂਡੇ | ਮਿਸਤਰੀ ਉਜਾਗਰ ਸਿੰਘ, ਮੁਹਲਾ ਲੁਹਾਰਾਂ ਪਿੰਡ ਤੇ ਡਾਕਖਾਨਾ ਘੜਆਂ,ਤਸੀਲ ਖਰੜ,ਜਿਲਾ ਰੋਪੜ । |
| 6. | ਗਿਆਨੀ ਹਰਬੰਸ ਸਿੰਘ ਜੀ ਰਚਿਤ ਪੁਸਤਕਾਂ | ਸੁੰਦਰ ਬੁਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ । |



www.AKJ.Org

# ਵਰ ਦੀ ਲੋੜ

ਇਕ ਬੀਬੀ, ਉਮਰ 19-20 ਸਾਲ, ਲਈ ਸਿੰਘ ਵਰ ਦੀ ਲੋੜ ਹੈ । ਬੀਬੀ ਦਸਵੀਂ ਪਾਸ ਹੈ ਤੇ ਅੰਮ੍ਰਿਤ ਛਕਣ ਲਈ ਤਿਆਰ ਹੈ । ਘਰ ਦੇ ਕੰਮ ਵਿਚ ਨਿਪੁੰਨ ਹੈ ਤੇ ਅਛੇ ਸੁਭਾ ਵਾਲੀ ਹੈ । ਲੜਕਾ ਗੁਰਸਿਖ ਹੋਵੇ ਤੇ ਬਰਸਰੇ ਰੁਜ਼ਗਾਰ ਹੋਵੇ । ਚਿਟੀ ਪਤਰ ਐਡੀਟਰ ਨਾਲ ਕੀਤਾ ਜਾਵੇ ।

## MATRIMONIAL

Amritdhari educated match is wanted for a young man of 28, 5'—6" living in Canada, have very good earning, working as Tool Maker. Caste unim portant but he belongs to Jat Sikh family. Intrested reply air mail to Mr. D. Singh 585, Uni Ave. W. WINDSOR Ont, Canada.

# ਜਰੂਰੀ ਸੂਚਨਾ

ਬਹੁਤ ਸਾਰੇ ਚੰਦੇ ਨਹੀਂ ਪੁਜੇ । ਆਪ ਨੂੰ ਚੰਦਾ ਮੁਕਣ ਦੀ ਸੂਚਨਾ ਹਰ ਮਹੀਨੇ ਭੇਜ ਰਹੇ ਹਾਂ । ਸੋ ਜਿਨਾ ਸਜਣਾ ਨੂੰ ਏਹ ਸੂਚਨਾ ਪਹੁੰਚ ਰਹੀ ਹੈ ਉਹ ਕ੍ਰਿਪਾ ਕਰਕੇ ਚੰਦਾ ਫੌਰਨ ਭੇਜਣ ਦੀ ਕ੍ਰਿਪਾਲਤਾ ਕਰਨ । ਐਸ ਵਕਤ 400 ਸਜਣਾਂ ਦੇ ਚੰਦੇ ਸਮਾਪਤ ਹੋ ਚੁਕੇ ਹਨ ਤੇ ਕਈ ਮਹੀਨਿਆਂ ਤੋਂ ਬਨਤੀਆਂ ਕਰੀ ਜਾ ਰਹੇ ਹਾਂ । ਪਰਚਾ ਚਲਦਾ ਰਖਣ ਲਈ ਮਾਇਆ ਦੀ ਲੋੜ ਹੈ । ਤੇ ਮਾਇਆ ਆਪ ਨੇ ਹੀ ਭੇਜਣੀ ਹੈ । ਸੋ ਧਰਮ ਦੀ ਸੇਵਾ ਨੂੰ ਮੁਖ ਰਖਦੇ ਹੋਏ ਆਪਣਾ ਫਰਜ਼ ਪੂਰਾ ਕਰੋ ਜੀ ।

ਜਿਸ ਕਿਸੇ ਨੇ ਪਰਚਾ ਅਗੇ ਤੋਂ ਬੰਦ ਕਰਨਾ ਹੋਵੇ ਉਹ ਵੀ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ ।

—ਸੂਚਨਾ— ਐਡੀਟਰ

ਆਪਦਾ ਸ਼ਿਰਨਾਵਾਂ ਬਦਲ ਜਾਏ ਤਾਂ ਫੌਰਨ ਹੀ ਐਡੀਟਰ ਸੂਰਾ ਨੂੰ ਪਤਾ ਦਿਓ ॥
ਚਿੱਠੀ ਪਤਰ ਕਰਨ ਸਮੇਂ ਤੇ ਮਨੀਆਰਡਰਾਂ ਤੇ ਆਪਣਾ ਚਿਟ ਨੰਬਰ ਜਰੂਰ ਦਿਉ ।
ਜੇ ਆਪਨੂੰ ਸੂਰਾ ਨਾ ਮਿਲੇ ਤਾਂ ਪਤਾ ਦਿਓ । ਦੂਸਰੀ ਕਾਪੀ ਭੇਜ ਦਿਤੀ ਜਾਵੇਗੀ ।


www.AKJ.Org